
ਰੋਜ਼ਾਨਾ ਲੋਕ ਬਾਣੀ ਨੂੰ ਪੱਤਰਕਾਰਾਂ ਦੀ ਲੋੜ
99155-94111

ਸੱਚ ਤੇ ਨਿਡਰ ਆਵਾਜ਼
ਰੋਜ਼ਾਨਾ
# ਲੋਕ ਬਾਣੀ
DAILY LOKBANI JALANDHAR
ਮੁੱਖ ਸੰਪਾਦਕ : ਅਮਨਦੀਪ ਮਹਿਰਾ
ਸੋਮਵਾਰ, 22 ਜੁਲਾਈ 2024

ਅੱਜ ਦਾ ਸ਼ੁਭ ਵਿਚਾਰ



ਜਿਸ ਕਿਸੇ ਨੇ ਵੀ ਜ਼ਿੰਦਗੀ ਦੇ ਸਫ਼ਰ ਵਿੱਚ ਕਿਸੇ ਵੀ ਵੇਲੇ ਤੁਹਾਡੀ ਮੱਦਦ ਕੀਤੀ ਹੈ, ਹਮੇਸ਼ਾ ਉਨ੍ਹਾਂ ਦੇ ਧੰਨਵਾਦੀ ਰਹੋ ਅਤੇ ਉਨ੍ਹਾਂ ਦੀ ਕਿਰਪਾ ਦਾ ਅਹਿਸਾਨ ਚੁਕਾਉਣ ਦੀ ਕੋਸ਼ਿਸ਼ ਜ਼ਰੂਰ ਕਰੋ।

ਹਰਜਿੰਦਰ ਕੌਰ ਕਾਤਰੋਂ

ਰੋਜ਼ਾਨਾ ਲੋਕ ਬਾਣੀ
www.lokbani.com

R. N. I. Punpun/29016/2008 ✱ ਸਾਲ 16 , ✱ ਅੰਕ : 49, ✱ ਮੁੱਲ : 6 ਰੁਪਏ ✱ ਕੁੱਲ ਪੇਜ: 10 ✱ ਦਫ਼ਤਰ : 0181-2211009 ✱ M : 99155-94111

ਹਰ ਰੋਜ਼ ਲੱਗ ਰਹੇ ਹਨ ਵੀਜ਼ਾ ਹੀ ਵੀਜ਼ਾ
ਕੈਨੇਡਾ
ਕੈਨੇਡਾ/ਯੂ. ਕੇ./ ਆਸਟ੍ਰੇਲੀਆਂ ਟੂਰਿਸਟ ਵੀਜ਼ਾ
2155 ਵੀਜ਼ਾ
1 ਜਨਵਰੀ ਤੋਂ 30 ਮਾਰਚ ਤੱਕ ਲੱਗੇ
easyvisa | 8194828282

## ਪਾਕਿਸਤਾਨ ਵਿੱਚ ਪ੍ਰਸਿੱਧ ਲੇਖਕ ਨੂੰ ਕੀਤਾ ਗਿਆ ਅਗਵਾ ਤੇ ਹੋਈ ਲੁੱਟ

(ਲੋਕ ਬਾਣੀ) / ਲਾਹੌਰ



ਸਥਾਨਕ ਪੁਲਿਸ ਦੀਆਂ ਰਿਪੋਰਟਾਂ ਦੇ ਅਨੁਸਾਰ, ਮਸ਼ਹੂਰ ਪਾਕਿਸਤਾਨੀ ਪਟਕਥਾ ਲੇਖਕ ਖਲੀਲੁਰ ਰਹਿਮਾਨ ਕਮਰ ਨੂੰ ਲਾਹੌਰ ਵਿਚ ਅਗਵਾ ਕਰ ਲਿਆ ਗਿਆ। ਕਮਰ ਨੂੰ ਇਕ ਔਰਤ ਦੁਆਰਾ ਇਕ ਰਿਹਾਇਸ਼ ਤੇ ਲਿਜਾਇਆ ਤੇ ਕਮਰ ਨੂੰ ਕਥਿਤ ਤੌਰ ਤੇ ਤਸੀਹੇ ਦਿੱਤੇ ਗਏ। ਅਪਰਾਧੀਆਂ ਦੁਆਰਾ ਕਈ ਅਣਦੱਸੀਆਂ ਥਾਵਾਂ ਤੇ ਲਿਜਾਇਆ ਗਿਆ। ਅਗਵਾਕਾਰਾਂ ਨੇ ਉਸ ਤੋਂ ਅਤੇ ਉਸ ਦੇ ਪਰਿਵਾਰ ਤੋਂ ਵੱਡੀ ਫਿਰੌਤੀ ਦੀ ਮੰਗ ਕੀਤੀ ਗਈ। ਉਨ੍ਹਾਂ ਨੇ ਉਸ ਦਾ ਮੋਬਾਈਲ ਫੋਨ, ਘੜੀ ਅਤੇ ਨਕਦੀ ਸਮੇਤ ਨਿੱਜੀ ਸਾਮਾਨ ਵੀ ਲੁੱਟ ਲਿਆ। ਇਸ ਤੋਂ ਇਲਾਵਾ, ਉਨ੍ਹਾਂ ਨੇ ਕਥਿਤ ਤੌਰ ਤੇ ਉਨ੍ਹਾਂ ਦੇ ਏ.ਟੀ.ਐੱਮ. ਕਾਰਡ ਤੋਂ ਨਕਦੀ ਕਢਵਾ ਲਈ।

## ਮੁੰਬਈ ਚ ਮੀਂਹ ਨੇ ਮਚਾਈ ਤਬਾਹੀ ਕਈ ਉਡਾਣਾਂ ਹੋਇਆ ਰੱਦ

(ਲੋਕ ਬਾਣੀ) / ਮੁੰਬਈ



ਮੁੰਬਈ ਤੇ ਆਸ ਪਾਸ ਦੇ ਖੇਤਰਾਂ ਵਿਚ ਅੱਜ ਭਾਰੀ ਮੀਂਹ ਪਿਆ ਜਿਸ ਕਾਰਨ ਕਈ ਉਡਾਣਾਂ ਪ੍ਰਭਾਵਿਤ ਹੋਈਆਂ ਅਤੇ ਸ਼ਹਿਰ ਦੇ ਕਈ ਹਿੱਸਿਆਂ ਵਿਚ ਸੜਕਾਂ 'ਤੇ ਪਾਣੀ ਭਰ ਗਿਆ। ਖ਼ਰਾਬ ਮੌਸਮ ਅਤੇ ਘੱਟ ਦਿਸਣਯੋਗਤਾ ਕਾਰਨ ਛਤਰਪਤੀ ਸ਼ਿਵਾਜੀ ਮਹਾਰਾਜ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਉਡਾਣਾਂ ਨੂੰ ਦੋ ਵਾਰ ਮੁਅੱਤਲ ਕੀਤਾ ਗਿਆ। ਇੱਥੇ ਸ਼ਾਮ 4 ਵਜੇ ਤੱਕ 15 ਉਡਾਣਾਂ ਨੂੰ ਨੇੜਲੇ ਹਵਾਈ ਅੱਡਿਆਂ ਮੁੱਖ ਤੌਰ 'ਤੇ ਅਹਿਮਦਾਬਾਦ ਵੱਲ ਮੋੜ ਦਿੱਤਾ ਗਿਆ। ਇੱਥੋਂ ਦੇ ਹਵਾਈ ਅੱਡੇ 'ਤੇ ਦੁਪਹਿਰ 12.12 ਵਜੇ ਅੱਠ ਮਿੰਟ ਲਈ ਅਤੇ ਦੁਪਹਿਰ ਇਕ ਤੋਂ ਸਵਾ ਇਕ ਵਜੇ ਤਕ ਹਵਾਈ ਉਡਾਣਾਂ ਪ੍ਰਭਾਵਿਤ ਹੋਈਆਂ। ਇਥੋਂ ਇੰਡੀਗੋ, ਏਅਰ ਇੰਡੀਆ, ਵਿਸਤਾਰਾ ਦੀਆਂ ਉਡਾਣਾਂ ਨੂੰ ਦੂਜੇ ਹਵਾਈ ਅੱਡਿਆਂ ਵੱਲ ਭੇਜਿਆ ਗਿਆ। ਮੁੰਬਈ ਵਿਚ ਰੇਲ ਸੇਵਾਵਾਂ ਪੱਛਮੀ ਅਤੇ ਮੱਧ ਰੇਲਵੇ ਰੂਟਾਂ 'ਤੇ ਆਮ ਵਾਂਗ ਚੱਲੀਆਂ ਪਰ ਮਾਨਖੁਰਦ, ਪਨਵੇਲ ਅਤੇ ਕੁਰਲਾ ਸਟੇਸ਼ਨਾਂ ਨੇੜੇ ਪਾਣੀ ਭਰਨ ਕਾਰਨ ਹਾਰਬਰ ਲਾਈਨ 'ਤੇ ਰੇਲ ਗੱਡੀਆਂ 15 ਤੋਂ 20 ਮਿੰਟ ਦੀ ਦੇਰੀ ਨਾਲ ਚੱਲੀਆਂ।

## ਅੱਜ ਰਹਿਣਗੇ ਨਾਗਪੁਰ ਦੇ ਸਾਰੇ ਸਕੂਲ ਤੇ ਕਾਲਜ ਬੰਦ




(ਲੋਕ ਬਾਣੀ) / ਨਾਗਪੁਰ

ਭਾਰੀ ਮੀਂਹ ਕਾਰਨ 22 ਜੁਲਾਈ ਨੂੰ ਨਾਗਪੁਰ ਜ਼ਿਲ੍ਹੇ ਦੇ ਸਾਰੇ ਸਕੂਲ ਅਤੇ ਕਾਲਜ ਬੰਦ ਰਹਿਣਗੇ। ਮੌਸਮ ਵਿਭਾਗ ਨੇ ਨਾਗਪੁਰ ਵਿਚ ਆਰੇਂਜ ਅਲਰਟ ਜਾਰੀ ਕੀਤਾ। ਇਹ ਜਾਣਕਾਰੀ ਨਾਗਪੁਰ ਦੇ ਜ਼ਿਲ੍ਹਾ ਕੁਲੈਕਟਰ ਡਾ. ਵਿਪਿਨ ਇਟੰਕਰ ਨੇ ਦਿੱਤੀ।

## ਹਰਿਆਣਾ ਦੇ ਨੂਹ ਜ਼ਿਲ੍ਹੇ ਵਿੱਚ 24 ਘੰਟਿਆਂ ਲਈ ਇੰਟਰਨੈੱਟ ਸੇਵਾਵਾਂ ਬੰਦ ਕੀਤੀਆਂ ਗਈਆਂ

(ਲੋਕ ਬਾਣੀ) / ਹਰਿਆਣਾ




ਹਰਿਆਣਾ ਦੇ ਹਿੰਸਾ ਪ੍ਰਭਾਵਿਤ ਨੂਹ ਵਿਚ ਅੱਜ ਸ਼ਾਮ 6 ਵਜੇ ਤੋਂ ਸੋਮਵਾਰ ਸ਼ਾਮ 6 ਵਜੇ ਤੱਕ ਇੰਟਰਨੈੱਟ ਸੇਵਾਵਾਂ ਬੰਦ ਰਹਿਣਗੀਆਂ। ਯਾਨੀ 21 ਜੁਲਾਈ ਤੋਂ 22 ਜੁਲਾਈ ਤੱਕ ਇੰਟਰਨੈੱਟ ਸੇਵਾਵਾਂ 'ਤੇ ਪੂਰੀ ਤਰ੍ਹਾਂ ਪਾਬੰਦੀ ਰਹੇਗੀ। ਦਰਅਸਲ ਬ੍ਰਜਮੰਡਲ ਜਲਾਭਿਸ਼ੇਕ ਯਾਤਰਾ ਕਾਰਨ ਇੰਟਰਨੈੱਟ ਸੇਵਾਵਾਂ ਪ੍ਰਭਾਵਿਤ ਹੋਣਗੀਆਂ। ਕਿਉਂਕਿ ਪਿਛਲੇ ਸਾਲ 31 ਤਰੀਕ ਨੂੰ ਨੂਹ ਦੰਗਿਆਂ ਵਿਚ 7 ਲੋਕਾਂ ਦੀ ਮੌਤ ਹੋ ਗਈ ਸੀ। ਅਜਿਹੇ 'ਚ ਇਸ ਵਾਰ ਪ੍ਰਸ਼ਾਸਨ ਅਲਰਟ ਮੋਡ 'ਤੇ ਹੈ। ਵਿਜੇ ਪ੍ਰਤਾਪ ਸਿੰਘ, ਪੁਲਿਸ ਸੁਪਰਡੈਂਟ, ਨੂਹ ਨੇ 22 ਜੁਲਾਈ 2024 ਨੂੰ ਨੂਹ ਜ਼ਿਲ੍ਹੇ ਵਿੱਚ ਹੋਣ ਵਾਲੀ ਬ੍ਰਜਮੰਡਲ ਜਲਾਭਿਸ਼ੇਕ ਯਾਤਰਾ ਦੌਰਾਨ ਭਾਰੀ ਵਾਹਨ ਚਾਲਕਾਂ ਲਈ ਇਕ ਵਿਸ਼ੇਸ਼ ਐਡਵਾਈਜ਼ਰੀ ਜਾਰੀ ਕੀਤੀ ਹੈ। ਇਸ ਦੌਰਾਨ ਭਾਰੀ ਵਾਹਨ ਚਾਲਕ ਨੂਹ ਪੁਲਿਸ ਦੀ ਸਲਾਹ ਦੀ ਪਾਲਣਾ ਕਰਕੇ ਆਪਣਾ ਸਫ਼ਰ ਆਸਾਨ ਬਣਾ ਸਕਦੇ ਹਨ।

## ਉਤਰਾਖੰਡ ਦੇ ਰੁਦਰਪ੍ਰਯਾਗ ਚ ਹਾਦਸੇ ਵਿੱਚ ਤਿੰਨ ਦੀ ਹੋਈ ਮੌਤ

(ਲੋਕ ਬਾਣੀ) / ਉਤਰਾਖੰਡ



ਉੱਤਰਾਖੰਡ ਦੇ ਰੁਦਰਪ੍ਰਯਾਗ ਜ਼ਿਲ੍ਹੇ ਚ ਕੇਦਾਰਨਾਥ ਧਾਮ ਦੇ ਪੈਦਲ ਰਸਤੇ ਤੇ ਐਤਵਾਰ ਸਵੇਰੇ ਪਹਾੜੀ ਤੋਂ ਪੱਥਰ ਡਿੱਗਣ ਨਾਲ ਤਿੰਨ ਲੋਕਾਂ ਦੀ ਮੌਤ ਹੋ ਗਈ ਅਤੇ ਕੁਝ ਹੋਰ ਜ਼ਖ਼ਮੀ ਹੋ ਗਏ। ਰੁਦਰਪ੍ਰਯਾਗ ਦੇ ਜ਼ਿਲ੍ਹਾ ਆਫ਼ਤ ਪ੍ਰਬੰਧਨ ਅਧਿਕਾਰੀ ਨੰਦਨ ਸਿੰਘ ਰਜਵਾਰ ਨੇ ਦੱਸਿਆ ਕਿ ਹਾਦਸਾ ਕਰੀਬ 7.30 ਵਜੇ ਗੌਰੀਕੁੰਡ-ਕੇਦਾਰਨਾਥ ਪੈਦਲ ਮਾਰਗ ਤੇ ਚੀਰਬਾਸਾ ਨੇੜੇ ਵਾਪਰਿਆ, ਜਿੱਥੇ ਪਹਾੜੀ ਤੋਂ ਮਲਬਾ ਅਤੇ ਭਾਰੀ ਪੱਥਰ ਹੇਠਾਂ ਡਿੱਗਣ ਲੱਗੇ।ਰਜਵਾਰ ਅਨੁਸਾਰ, ਘਟਨਾ ਦੀ ਸੂਚਨਾ ਮਿਲਦੇ ਹੀ ਰਾਹਤ ਅਤੇ ਬਚਾਅ ਦਲ ਮੌਕੇ ਤੇ ਪਹੁੰਚੇ ਅਤੇ ਬਚਾਅ ਮੁਹਿੰਮ ਸ਼ੁਰੂ ਕੀਤੀ। ਉਨ੍ਹਾਂ ਦੱਸਿਆ ਕਿ ਮਲਬੇ ਚੋਂ ਹੁਣ ਤੱਕ ਤਿੰਨ ਲੋਕਾਂ ਦੀਆਂ ਲਾਸ਼ਾਂ ਬਰਾਮਦ ਕੀਤੀਆਂ ਜਾ ਚੁੱਕੀਆਂ ਹਨ, ਜਦੋਂ ਕਿ ਇਕ ਵਿਅਕਤੀ ਨੂੰ ਜ਼ਖ਼ਮੀ ਹਾਲਤ ਚ ਬਾਹਰ ਕੱਢਿਆ ਗਿਆ ਹੈ।

## ਨਿਪਾਹ ਵਾਇਰਸ ਦੇ ਮਰੀਜ਼ ਦੀ ਕੇਰਲ ਵਿੱਚ ਹੋਈ ਮੌਤ

(ਲੋਕ ਬਾਣੀ) / ਦਿੱਲੀ




ਕੇਰਲ ਦੇ ਮਲਪੁਰਮ ਜ਼ਿਲ੍ਹੇ ਵਿਚ ਨਿਪਾਹ ਵਾਇਰਸ ਦੇ ਇਕ ਮਰੀਜ਼ ਦੀ ਮੌਤ ਹੋ ਗਈ ਹੈ, ਜਿਸ ਦੀ ਪੁਸ਼ਟੀ ਐਨ.ਆਈ.ਵੀ. ਪੁਣੇ ਨੇ ਕੀਤੀ ਹੈ। ਕੇਸ ਦੀ ਜਾਂਚ, ਮਹਾਂਮਾਰੀ ਸੰਬੰਧੀ ਲਿੰਕਾਂ ਦੀ ਪਛਾਣ ਅਤੇ ਤਕਨੀਕੀ ਸਹਾਇਤਾ ਵਿਚ ਰਾਜ ਦੀ ਸਹਾਇਤਾ ਲਈ ਇਕ ਸੰਯੁਕਤ ਪ੍ਰਕੋਪ ਪ੍ਰਤੀਕਿਰਿਆ ਕੇਂਦਰੀ ਟੀਮ ਤਾਇਨਾਤ ਕੀਤੀ ਜਾਵੇਗੀ।

## ਇਕ ਹੋਰ ਕਿਸਾਨ ਦੀ ਸ਼ੰਭੂ ਬਾਰਡਰ ਤੇ ਹੋਈ ਮੌਤ


(ਲੋਕ ਬਾਣੀ) / ਲੁਧਿਆਣਾ/ਸੁਖਚੈਨ ਮਹਿਰਾ



ਸ਼ੰਭੂ ਬੈਰੀਅਰ ਤੇ ਅੱਜ ਕਿਸਾਨ ਆਗੂ ਹਰਜਿੰਦਰ ਸਿੰਘ ਉਮਰ ਕਰੀਬ 62 ਸਾਲ ਦੀ ਅਚਾਨਕ ਮੌਤ ਹੋ ਗਈ ਹੈ। ਇਸ ਦੀ ਜਾਣਕਾਰੀ ਦਿੰਦੇ ਹੋਏ ਕਿਸਾਨ ਆਗੂ ਸਤਨਾਮ ਸਿੰਘ ਮਾਨੋਚਾਹਲ ਨੇ ਦੱਸਿਆ ਕਿ ਸ਼ੰਭੂ ਬੈਰੀਅਰ ਤੇ ਬਿਜਲੀ ਪਾਣੀ ਦੀ ਕੋਈ ਸਹੂਲਤ ਨਹੀਂ ਹੈ। ਅੱਤਾਂ ਦੀ ਗਰਮੀ ਪੈ ਰਹੀ ਹੈ ਜਿਸ ਕਾਰਨ ਕਿਸਾਨ ਦੀ ਮੌਤ ਹੋ ਗਈ ਹੈ। ਕਿਸਾਨ ਆਗੂ ਨੇ ਦੱਸਿਆ ਕਿ ਕਿਸਾਨ ਬੀਤੀ 13 ਫਰਵਰੀ ਤੋਂ ਮੋਰਚੇ ਦੇ ਡਟੇ ਹੋਏ ਹਨ।

## ਪੰਜਾਬ ਚ ਅਗਲੇ ਦੋ ਦਿਨ ਭਾਰੀ ਮੀਂਹ ਪੈਣ ਦਾ ਅਲਰਟ

(ਲੋਕ ਬਾਣੀ) /ਚੰਡੀਗੜ੍ਹ/ ਵਿਨੋਦ ਸ਼ਰਮਾ



ਪੰਜਾਬ ਚ 2 ਦਿਨਾਂ ਤੱਕ ਭਾਰੀ ਮੀਂਹ ਦਾ ਅਲਰਟ ਜਾਰੀ ਕੀਤਾ ਗਿਆ ਹੈ। ਇਸ ਤੋਂ ਬਾਅਦ ਲੋਕਾਂ ਨੂੰ ਅੱਤ ਦੀ ਗਰਮੀ ਅਤੇ ਹੁੰਮਸ ਤੋਂ ਰਾਹਤ ਮਿਲੇਗੀ। ਦਰਅਸਲ ਮੌਸਮ ਵਿਭਾਗ ਦੇ ਮੁਤਾਬਕ ਪੰਜਾਬ ਚ ਸੋਮਵਾਰ ਤੋਂ 2 ਦਿਨਾਂ ਤੱਕ ਭਾਰੀ ਮੀਂਹ ਪੈਣ ਦੀ ਸੰਭਾਵਨਾ ਹੈ ਅਤੇ ਐਤਵਾਰ ਰਾਤ ਤੋਂ ਮਾਨਸੂਨ ਐਕਟਿਵ ਹੋ ਜਾਵੇਗਾ। ਇਸ ਕਾਰਨ ਪੰਜਾਬ ਚ 2 ਦਿਨਾਂ ਤੱਕ ਤੇਜ਼ ਹਵਾਵਾਂ ਦੇ ਨਾਲ ਮੀਂਹ ਪਵੇਗਾ। ਇਸ ਦੇ ਨਾਲ ਹੀ ਐਤਵਾਰ ਨੂੰ ਬੱਦਲ ਛਾਏ ਰਹਿਣਗੇ।

## ਗੁਰਧਾਮਾਂ ਦੇ ਦਰਸ਼ਨਾਂ ਲਈ ਸੰਗਤ ਦਾ ਜਥਾ ਰਵਾਨਾ

(ਲੋਕ ਬਾਣੀ) / ਚੰਡੀਗੜ੍ਹ



ਫਤਹਿ ਸਿਮਰਨ ਸੇਵਾ ਸੁਸਾਇਟੀ ਵੱਲੋਂ ਗੁਰਧਾਮਾਂ ਦੇ ਦਰਸ਼ਨਾਂ ਲਈ ਸੰਗਤ ਦਾ ਜਥਾ ਰਵਾਨਾ ਕੀਤਾ ਗਿਆ। ਮਾਡਲ ਟਾਊਨ ਐਕਸਟੈਨਸ਼ਨ ਨਜ਼ਦੀਕ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਜੀ ਤੋਂ ਬੱਸ ਰਾਹੀਂ ਜਥਾ ਰਵਾਨਾ ਕਰਨ ਮੌਕੇ ਤੇਜਿੰਦਰ ਸਿੰਘ ਬਾਂਗਾ ਤੇ ਜਸਪਾਲ ਸਿੰਘ ਨੇ ਦੱਸਿਆ ਕਿ ਸੰਗਤ ਦੇ ਸਹਿਯੋਗ ਨਾਲ ਸੁਸਾਇਟੀ ਵੱਲੋਂ ਸਿੱਖ ਇਤਿਹਾਸ ਤੋਂ ਜਾਣੂ ਕਰਵਾਉਣ ਦੇ ਮਕਸਦ ਨਾਲ ਵੱਖ-ਵੱਖ ਗੁਰਦੁਆਰਾ ਸਾਹਿਬ ਦੇ ਦਰਸ਼ਨ ਦੀਦਾਰ ਕਰਵਾਏ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਸੁਸਾਇਟੀ ਵੱਲੋਂ ਸਮੇਂ-ਸਮੇਂ 'ਤੇ ਮਨੁੱਖਤਾ ਦੇ ਭਲੇ ਲਈ ਮੁਫ਼ਤ ਮੈਡੀਕਲ ਚੈਕਅੱਪ ਕੈਂਪ ਲਾਇਆ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਸੰਗਤ ਨੂੰ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਦੇ ਅਸਥਾਨ ਗੁਰਦੁਆਰਾ ਪਾਉਂਟਾ ਸਾਹਿਬ (ਹਿਮਾਚਲ ਪ੍ਰਦੇਸ਼) ਅਤੇ ਹੋਰ ਗੁਰਧਾਮਾਂ ਦੇ ਦਰਸ਼ਨ 20 ਅਤੇ 21 ਜੁਲਾਈ ਨੂੰ ਕਰਵਾਏ ਜਾਣਗੇ।

# ਭਾਈ ਅੰਮ੍ਰਿਤਪਾਲ ਸਿੰਘ ਦੇ ਭਰਾ ਹਰਪ੍ਰੀਤ ਦਾ ਅੱਜ ਪੁਲਿਸ ਰਿਮਾਂਡ ਖਤਮ, ਪੁਲਸ ਅੱਜ ਫਿਰ ਪੇਸ਼ ਕਰੇਗੀ ਅਦਾਲਤ ਚ



ਜਲੰਧਰ: (ਲੋਕ ਬਾਣੀ) ਸ੍ਰੀ ਖਡੂਰ ਸਾਹਿਬ ਸੀਟ ਤੋਂ ਨਵੇਂ ਚੁਣੇ ਗਏ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਭਰਾ ਹਰਪ੍ਰੀਤ ਸਿੰਘ ਹੈਪੀ ਦਾ ਦੋ ਦਿਨ ਦਾ ਰਿਮਾਂਡ ਖਤਮ ਹੋ ਗਿਆ ਹੈ। ਅੱਜ ਪੁਲੀਸ ਹੈਪੀ ਅਤੇ ਲਵਪ੍ਰੀਤ ਨੂੰ ਮੁੜ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਦੀ ਮੰਗ ਕਰੇਗੀ। ਕਿਉਂਕਿ ਪੁਲਿਸ ਨੇ ਹੈਪੀ ਦਾ ਦਸ ਦਿਨ ਦਾ ਰਿਮਾਂਡ ਮੰਗਿਆ ਸੀ ਪਰ ਅਦਾਲਤ ਨੇ ਦੋ ਦਿਨ ਦਾ ਹੀ ਰਿਮਾਂਡ ਦਿੱਤਾ ਸੀ।

ਦੱਸਣਯੋਗ ਹੈ ਕਿ ਕੱਲ੍ਹ ਯਾਨੀ ਸ਼ਨੀਵਾਰ ਨੂੰ ਅਦਾਲਤ ਨੇ ਜ਼ਮਾਨਤ ਪਟੀਸ਼ਨ ਤੇ ਬਹਿਸ ਲਈ ਅਗਲੀ ਤਰੀਕ ਦਿੱਤੀ ਸੀ। ਪੁਲੀਸ ਨੇ ਅਦਾਲਤ ਨੂੰ ਦਸ ਦਿਨਾਂ ਦੇ ਰਿਮਾਂਡ ਦੀ ਬੇਨਤੀ ਕੀਤੀ ਸੀ ਪਰ ਅਦਾਲਤ ਪੁਲੀਸ ਦੀਆਂ ਦਲੀਲਾਂ ਤੋਂ ਖੁਸ਼ ਨਹੀਂ ਸੀ ਜਿਸ ਕਾਰਨ ਸਿਰਫ਼ ਦੋ ਦਿਨ ਦਾ ਰਿਮਾਂਡ ਦਿੱਤਾ ਗਿਆ। ਨਾਲ ਹੀ ਹੈਪੀ ਅਤੇ ਲਵਪ੍ਰੀਤ ਦੀ ਜ਼ਮਾਨਤ ਪਟੀਸ਼ਨ ਤੇ ਬਹਿਸ ਲਈ ਮੰਗਲਵਾਰ ਯਾਨੀ 23 ਜੁਲਾਈ ਦੀ ਤਰੀਕ ਦਿੱਤੀ ਗਈ ਹੈ। ਮੰਗਲਵਾਰ ਨੂੰ ਅਦਾਲਤ ਚ ਹੈਪੀ ਦੀ ਜ਼ਮਾਨਤ ਤੇ ਬਹਿਸ ਹੋਵੇਗੀ। ਜਿਸ ਤੋਂ ਬਾਅਦ ਅਦਾਲਤ ਅੱਗੇ ਫੈਸਲਾ ਲਵੇਗੀ।

# ਮੋਗਾ ਚ ਨਸ਼ਾ ਤਸਕਰ ਦੀ 1.35 ਕਰੋੜ ਦੀ ਜਾਇਦਾਦ ਜ਼ਬਤ, ਪੁਲਿਸ ਨੇ ਚਪਕਾਏ ਨੋਟਿਸ

ਮੋਗਾ: (ਲੋਕ ਬਾਣੀ) ਪੰਜਾਬ ਦੇ ਮੋਗਾ ਜ਼ਿਲ੍ਹੇ ਚ ਪੁਲਸ ਨੇ ਨਸ਼ਾ ਤਸਕਰਾਂ ਖਿਲਾਫ ਮੁਹਿੰਮ ਵਿੱਢੀ ਹੋਈ ਹੈ। ਜਿਸ ਤਹਿਤ ਨਸ਼ਾ ਤਸਕਰਾਂ ਦੀ ਜਾਇਦਾਦ ਜ਼ਬਤ ਕੀਤੀ ਜਾ ਰਹੀ ਹੈ। ਇਸੇ ਲੜੀ ਤਹਿਤ ਪੁਲਿਸ ਨੇ ਪਿੰਡ ਕੋਕਰੀ ਵਹਿਣੀਵਾਲ ਦੇ ਨਸ਼ਾ ਤਸਕਰ ਦੀ 1.35 ਕਰੋੜ ਰੁਪਏ ਦੀ ਜਾਇਦਾਦ ਜ਼ਬਤ ਕੀਤੀ ਹੈ। ਨਸ਼ਾ ਤਸਕਰ ਪਿਛਲੇ ਇੱਕ ਸਾਲ ਤੋਂ ਲੁਧਿਆਣਾ ਜੇਲ੍ਹ ਵਿੱਚ ਬੰਦ ਹੈ।ਮਾਮਲੇ ਸਬੰਧੀ ਜਾਣਕਾਰੀ ਦਿੰਦਿਆਂ ਡੀਐਸਪੀ ਪਰਮਜੀਤ ਸਿੰਘ ਨੇ ਦੱਸਿਆ ਕਿ ਸਾਨੂੰ ਦਿੱਲੀ ਤੋਂ ਜਾਇਦਾਦ ਜ਼ਬਤ ਕਰਨ ਦੇ ਆਦੇਸ਼ ਮਿਲੇ ਸਨ। 2019 ਵਿੱਚ ਮੋਗਾ ਜ਼ਿਲ੍ਹੇ ਦੇ ਪਿੰਡ ਕੋਕਰੀ ਵਹਿਣੀਵਾਲ ਦੇ ਰਹਿਣ ਵਾਲੇ ਨਸ਼ਾ ਤਸਕਰ ਬਿਕਰਮਜੀਤ ਸਿੰਘ ਖ਼ਿਲਾਫ਼ ਦੋ ਕੇਸ ਦਰਜ ਕੀਤੇ ਗਏ



ਸਨ। ਇਸ ਸਬੰਧੀ ਜ਼ਿਲ੍ਹਾ ਲੁਧਿਆਣਾ ਦੀ ਸਾਹਨੇਵਾਲ ਪੁਲੀਸ ਨੇ ਪਿਛਲੇ ਸਾਲ ਵਿਕਰਮਜੀਤ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜ ਦਿੱਤਾ ਸੀ। ਨਸ਼ਾ ਤਸਕਰ ਖਿਲਾਫ ਕਾਰਵਾਈ ਕਰਦੇ ਹੋਏ ਦਿੱਲੀ ਤੋਂ ਉਸ ਦੀ 1 ਕਰੋੜ 35 ਲੱਖ ਰੁਪਏ ਦੀ ਜਾਇਦਾਦ ਜ਼ਬਤ ਕਰਨ ਦੇ ਹੁਕਮ ਮਿਲੇ ਹਨ। ਜਿਸ ਤੋਂ ਬਾਅਦ ਅੱਜ ਉਸ ਦੇ ਘਰ ਦੇ ਬਾਹਰ ਨੋਟਿਸ ਲਗਾ ਕੇ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਸੂਚਿਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਨਸ਼ਾ ਵੇਚ ਕੇ ਜਾਇਦਾਦਾਂ ਬਣਾਈਆਂ ਹਨ, ਉਨ੍ਹਾਂ ਜਾਇਦਾਦਾਂ ਨੂੰ ਜ਼ਬਤ ਕੀਤਾ ਜਾ ਰਿਹਾ ਹੈ। ਕਿਸੇ ਵੀ ਨਸ਼ਾ ਤਸਕਰ ਨੂੰ ਬਖਸ਼ਿਆ ਨਹੀਂ ਜਾਵੇਗਾ।

# ਪਟਿਆਲਾ ਚ ਚਕਮਾ ਦੇ ਕੇ ਫਰਾਰ ਹੋਏ ਕੈਦੀ ਨੂੰ ਪੁਲਿਸ ਨੇ 3 ਘੰਟਿਆਂ ਚ ਕੀਤਾ ਕਾਬੂ, ਬਲਾਤਕਾਰ ਦੇ ਦੋਸ਼ ਚ ਜੇਲ੍ਹ ਚ ਬੰਦ



ਸੰਗਰੂਰ: (ਲੋਕ ਬਾਣੀ) ਜਬਰ ਜਨਾਹ ਮਾਮਲੇ ਚ ਗ੍ਰਿਫਤਾਰ ਕੈਦੀ ਸੰਗਰੂਰ ਜੇਲ ਤੋਂ ਜਿਵੇਂ ਹੀ ਉਸ ਨੂੰ ਇਲਾਜ ਲਈ ਪਟਿਆਲਾ ਲਿਆਂਦਾ ਗਿਆ ਫਰਾਰ ਹੋ ਗਿਆ, 22 ਸਾਲਾ ਮੁਲਜ਼ਮ ਜੀਵਨ ਸਿੰਘ ਰਾਜਿੰਦਰਾ ਹਸਪਤਾਲ ਪਟਿਆਲਾ ਦੇ ਐਕਸਰੇ ਵਿਭਾਗ ਵਿੱਚ ਗਿਆ ਸੀ। ਕੈਦੀ ਦੇ ਫਰਾਰ ਹੋਣ ਦੀ ਸੂਚਨਾ ਮਿਲਦੇ ਹੀ ਪੁਲਸ ਮੁਲਾਜ਼ਮਾਂ ਦੀ ਟੀਮ ਨੇ 3 ਤੋਂ 4 ਘੰਟਿਆਂ ਚ ਉਸ ਨੂੰ ਕਾਬੂ ਕਰ ਲਿਆ। ਇਹ ਕੈਦੀ ਹਸਪਤਾਲ ਦੇ ਅੰਦਰ ਇੱਕ ਇਮਾਰਤ ਵਿੱਚ ਲੁਕਿਆ ਹੋਇਆ ਸੀ ਜਿੱਥੋਂ ਉਹ ਰਾਤ ਨੂੰ ਭੱਜਣ ਦੀ ਕੋਸ਼ਿਸ਼ ਕਰ ਰਿਹਾ ਸੀ।

ਪੁਲੀਸ ਅਨੁਸਾਰ ਮੁਲਜ਼ਮ ਜੀਵਨ ਸਿੰਘ ਖ਼ਿਲਾਫ਼ ਥਾਣਾ ਸੁਨਾਮ ਵਿੱਚ ਕੇਸ ਦਰਜ ਕੀਤਾ ਗਿਆ ਸੀ। ਇਸ ਮਾਮਲੇ ਵਿੱਚ ਜੀਵਨ ਸਿੰਘ ਨੂੰ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ ਸੀ। ਜਦੋਂ ਉਹ ਜੇਲ੍ਹ ਵਿੱਚ ਬਿਮਾਰ ਹੋ ਗਿਆ ਤਾਂ ਉਸ ਨੂੰ ਪਟਿਆਲਾ ਦੇ ਰਾਜਿੰਦਰਾ ਹਸਪਤਾਲ ਵਿੱਚ ਚੈੱਕਅਪ ਲਈ ਲਿਆਂਦਾ ਗਿਆ। ਇਸ ਕੈਦੀ ਨੂੰ ਜੇਲ੍ਹ ਵਾਰਡਨ ਗਗਨਦੀਪ ਅਤੇ ਨਵਦੀਪ ਦੀ ਨਿਗਰਾਨੀ ਹੇਠ ਹਸਪਤਾਲ ਲਿਆਂਦਾ ਗਿਆ ਪਰ ਦੋਵਾਂ ਨੂੰ ਚਕਮਾ ਦੇ ਕੇ ਜੀਵਨ ਸਿੰਘ ਫਰਾਰ ਹੋ ਗਿਆ। ਮਾਡਲ ਟਾਊਨ ਥਾਣੇ ਦੇ ਇੰਚਾਰਜ ਰਣਜੀਤ ਸਿੰਘ ਨੇ ਦੱਸਿਆ ਕਿ ਜੀਵਨ ਸਿੰਘ ਨੂੰ 18 ਜੁਲਾਈ ਨੂੰ ਹਸਪਤਾਲ ਲਿਆਂਦਾ ਗਿਆ ਸੀ ਅਤੇ 19 ਜੁਲਾਈ ਦੀ ਰਾਤ 11 ਵਜੇ ਜੀਵਨ ਸਿੰਘ ਭੱਜ ਗਿਆ ਸੀ ਪਰ ਮੁਲਜ਼ਮ ਨੂੰ ਚਾਰ ਘੰਟੇ ਤੋਂ ਪਹਿਲਾਂ ਹੀ ਕਾਬੂ ਕਰ ਲਿਆ ਗਿਆ।

# ਭਾਰਤੀ ਕਿਸਾਨ ਯੂਨੀਅਨ ਵੱਲੋਂ ਝੋਨੇ ਦੀ ਥਾਂ ਬਦਲਵੀਆਂ ਫਸਲਾਂ ਦੀ ਕਾਸ਼ਤ ਲਈ ਨਿਗੂਣੀ ਰਾਸ਼ੀ ਦੇ ਐਲਾਨ ਨੂੰ ਅਸਲ ਵਿੱਚ ਕਿਸਾਨ ਮਜ਼ਦੂਰ ਤੇ ਵਾਤਾਵਰਨ ਪੱਖੀ ਖੇਤੀ...

ਚੰਡੀਗੜ੍ਹ (ਲੋਕ ਬਾਣੀ): ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਨੇ ਪੰਜਾਬ ਸਰਕਾਰ ਵੱਲੋਂ ਬਦਲਵੀਆਂ ਫਸਲਾਂ ਦੀ ਕਾਸ਼ਤ ਲਈ ਪ੍ਰਤੀ ਏਕੜ 7000 ਰੁਪਏ ਦੇਣ ਦੇ ਦਾਅਵਿਆਂ ਨੂੰ ਅਸਲ ਵਿੱਚ ਕਿਸਾਨ ਮਜ਼ਦੂਰ ਤੇ ਵਾਤਾਵਰਨ ਪੱਖੀ ਖੇਤੀ ਨੀਤੀ ਬਣਾਉਣ ਤੋਂ ਭੱਜਣਾ ਕਰਾਰ ਦਿੱਤਾ ਹੈ। ਸਰਕਾਰ ਨੇ ਸੂਬੇ ਦੇ ਖੇਤੀ ਸੰਕਟ ਦਾ ਹੱਲ ਕਰਨ ਲਈ ਬੁਨਿਆਦੀ ਤਬਦੀਲੀ ਵਾਲੀ ਨਵੀਂ ਖੇਤੀ ਨੀਤੀ ਦੇ ਦਾਅਵਿਆਂ ਨੂੰ ਤਿਆਗ ਦਿੱਤਾ ਹੈ ਅਤੇ ਇਸ ਨੂੰ ਸਿਰਫ ਬਦਲਵੀਆਂ ਫਸਲਾਂ ਦੀ ਕਾਸ਼ਤ ਲਈ ਨਿਗੂਣੀ ਰਾਸ਼ੀ ਤੱਕ ਸੀਮਤ ਕਰ ਦਿੱਤਾ ਹੈ, ਉਹ ਵੀ ਝੋਨੇ ਦੀ ਬਿਜਾਈ ਮੁਕੰਮਲ ਹੋਣ ਤੋਂ ਬਾਅਦ। ਇਸ ਸੰਬੰਧੀ ਪ੍ਰੈਸ ਦੇ ਨਾਂ ਸਾਂਝਾ ਬਿਆਨ ਜਾਰੀ ਕਰਦਿਆਂ ਜਥੇਬੰਦੀ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਅਤੇ ਸੂਬਾ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਕਿਹਾ ਕਿ ਲਗਭਗ ਡੇਢ ਸਾਲ ਹੋ ਚੁੱਕਿਆ ਹੈ ਜਦੋਂ ਪੰਜਾਬ ਸਰਕਾਰ ਨੇ ਸੂਬੇ ਲਈ ਨਵੀਂ ਖੇਤੀ ਨੀਤੀ ਬਣਾਉਣ ਦੇ ਕਦਮ ਲੈਣ ਦਾ ਦਾਅਵਾ ਕੀਤਾ ਸੀ ਪ੍ਰੰਤੂ ਉਸ ਅਮਲ ਨੂੰ ਤਜ ਕੇ ਪਹਿਲੀਆਂ ਸਰਕਾਰਾਂ ਵਾਂਗ ਹੀ ਕੇਂਦਰੀ ਹਕੂਮਤ ਮੂਹਰੇ ਸਿਰਫ਼ ਫਸਲੀ ਵਿਭਿੰਨਤਾ ਤੇ ਪਰਾਲੀ ਪ੍ਰਬੰਧਨ ਦਾ ਨਿਗੂਣਾ ਜਿਹਾ ਕੇਸ ਪੇਸ਼ ਕਰ ਦਿੱਤਾ ਹੈ। ਆਗੂਆਂ ਨੇ ਕਿਹਾ ਕਿ ਸੂਬੇ ਦੇ ਖੇਤੀ ਸੰਕਟ ਦਾ ਹੱਲ ਕਰਨ ਖਾਤਰ ਅਹਿਮ ਬੁਨਿਆਦੀ ਕਦਮ ਚੁੱਕ ਕੇ ਜਾਣ ਦੀ ਲੋੜ ਹੈ, ਜਿਨ੍ਹਾਂ ਵਿੱਚ ਖੇਤੀ ਖੇਤਰ ਲਈ ਵੱਡੀ ਬਜਟ ਰਕਮ ਜੁਟਾਉਣ, ਕਿਸਾਨ ਮਜ਼ਦੂਰ ਪੱਖੀ ਕਰਜ਼ਾ ਕਾਨੂੰਨ ਬਣਾਉਣ, ਫਸਲਾਂ ਦੇ ਮੰਡੀਕਰਨ ਚੋਂ ਦੇਸੀ ਵਿਦੇਸ਼ੀ ਬਹੁਕੌਮੀ ਕੰਪਨੀਆਂ ਨੂੰ ਬਾਹਰ ਕਰਨ ਤੇ ਇਸ ਦਾ ਮੁਕੰਮਲ ਸਰਕਾਰੀਕਰਨ



ਕਰਨ, ਸਭਨਾਂ ਫਸਲਾਂ ਤੇ ਲਾਭਕਾਰੀ ਐਮ ਐਸ ਪੀ ਅਤੇ ਮੁਕੰਮਲ ਖਰੀਦ ਦਾ ਗਰੰਟੀ ਕਾਨੂੰਨ ਬਣਾਉਣ, ਸਵਾਮੀਨਾਥਨ ਕਮਿਸ਼ਨ ਦੀਆਂ ਕਿਸਾਨ ਮਜ਼ਦੂਰ ਪੱਖੀ ਸਿਫਾਰਸ਼ਾਂ ਲਾਗੂ ਕਰਨ, ਸਰਬ ਵਿਆਪਕ ਜਨਤਕ ਵੰਡ ਪ੍ਰਣਾਲੀ ਲਾਗੂ ਕਰਨ, ਤਿੱਖੇ ਜ਼ਮੀਨੀ ਸੁਧਾਰ ਕਰਨ ਅਤੇ ਕਿਸਾਨਾਂ ਮਜ਼ਦੂਰਾਂ ਦੀ ਜ਼ਮੀਨ ਦੀ ਤੋਟ ਪੂਰੀ ਕਰਨ, ਪਾਣੀ ਸੋਮਿਆਂ ਦੀ ਸੰਭਾਲ ਲਈ ਢੁਕਵੀਂ ਨੀਤੀ ਬਣਾਉਣ, ਮਿੱਟੀ ਪਾਣੀ ਤੇ ਵਾਤਾਵਰਨ ਦੀ ਤਬਾਹੀ ਕਰਦਾ ਸਮੁੱਚਾ ਖੇਤੀ ਪੈਟਰਨ ਤਬਦੀਲ ਕਰਨ ਵਰਗੇ ਕਦਮ ਬਣਦੇ ਹਨ। ਪੰਜਾਬ ਅੰਦਰ ਸਮੁੱਚੀ ਆਬਾਦੀ ਦੀਆਂ ਲੋੜਾਂ ਦੀ ਪੂਰਤੀ ਕਰਦਾ ਸਵੈ ਨਿਰਭਰਤਾ ਵਾਲਾ, ਰੁਜ਼ਗਾਰ-ਮੁਖੀ, ਸਨਅਤੀਕਰਨ ਲਈ ਆਧਾਰ ਬਣਨ ਵਾਲਾ , ਜ਼ਹਿਰਾਂ-ਮੁਕਤ ਖੁਰਾਕ ਮੁਹੱਈਆ ਕਰਾਉਣ ਵਾਲਾ ਖੇਤੀ ਮਾਡਲ ਲੋੜੀਂਦਾ ਹੈ। ਉਹਨਾਂ ਪੰਜਾਬ ਸਰਕਾਰ ਦੀ ਆਲੋਚਨਾ ਕਰਦਿਆਂ ਕਿਹਾ ਕਿ ਭਿੰਨ ਭਿੰਨ ਖੇਤੀ ਖੇਤਰਾਂ ਵਿੱਚ ਲੋੜੀਦੇ ਕਦਮ ਚੁੱਕਣ ਵਾਲੀ ਖੇਤੀ ਨੀਤੀ ਬਣਾਉਣ ਲਈ ਸਲਾਹਾਂ ਵੀ ਵਿਦੇਸ਼ੀ ਕੰਪਨੀ ਤੋਂ ਲਈਆਂ ਜਾ ਰਹੀਆਂ ਸਨ। ਇਹਨਾਂ ਸਲਾਹਾਂ ਦਾ ਅਤੇ ਸਾਮਰਾਜੀ ਕਾਰਪੋਰੇਟ ਜਗਤ ਦੇ ਦਬਾਅ ਦਾ ਸਿੱਟਾ ਹੈ ਕਿ ਪੰਜਾਬ ਸਰਕਾਰ ਨੇ ਖੇਤੀ ਨੀਤੀ ਬਣਾਉਣ ਦਾ ਅਮਲ ਤਿਆਗ ਕੇ ਸਿਰਫ ਫਸਲੀ ਵਿਭਿੰਨਤਾ ਦੇ ਦਹਾਕਿਆਂ ਪੁਰਾਣੇ ਦਾਅਵਿਆਂ ਨੂੰ ਮੁੜ ਜਤਲਾਉਣਾ ਸ਼ੁਰੂ ਕਰ ਦਿੱਤਾ ਹੈ। ਸਰਕਾਰ ਵੱਲੋਂ ਕਹੀ ਜਾ ਰਹੀ ਇਹ ਨਿਗੂਣੀ ਰਾਸ਼ੀ ਪੰਜਾਬ ਦੇ ਖੇਤੀ ਸੰਕਟ ਦਾ ਹੱਲ ਨਹੀਂ ਕਰ ਸਕਦੀ। ਇਸ ਹੱਲ ਲਈ ਬਹੁ ਪੱਖੀ ਕਦਮਾਂ ਵਾਲੀ ਤੇ ਵੱਡੀ ਬਜਟ ਸਹਾਇਤਾ ਵਾਲੀ ਲੋਕ ਪੱਖੀ ਖੇਤੀ ਨੀਤੀ ਲੋੜੀਂਦੀ ਹੈ।

ਕਿਸਾਨ ਆਗੂਆਂ ਨੇ ਕਿਹਾ ਕਿ ਪਿਛਲੇ ਸਾਲ ਜਥੇਬੰਦੀ ਵੱਲੋਂ ਪੰਜਾਬ ਸਰਕਾਰ ਨੂੰ ਬਣਾਈ ਜਾਣ ਵਾਲੀ ਖੇਤੀ ਨੀਤੀ ਬਾਰੇ ਵਿਸਥਾਰੀ ਮੰਗ ਪੱਤਰ ਸੌਂਪਿਆ ਗਿਆ ਸੀ ਪਰ ਸਰਕਾਰ ਨੇ ਉਸਨੂੰ ਪੂਰੀ ਤਰ੍ਹਾਂ ਅਣਗੌਲਿਆਂ ਕਰ ਦਿੱਤਾ ਹੈ। ਉਹਨਾਂ ਕਿਹਾ ਕਿ ਜਥੇਬੰਦੀ ਪੰਜਾਬ ਅੰਦਰ ਲੋਕ ਪੱਖੀ ਖੇਤੀ ਨੀਤੀ ਬਣਾਉਣ ਲਈ ਮੁੜ ਤੋਂ ਸੰਘਰਸ਼ ਸ਼ੁਰੂ ਕਰੇਗੀ।

# ਉੱਤਰ ਪ੍ਰਦੇਸ਼ ਚ 24 ਘੰਟਿਆਂ ਚ 11 ਮੌਤਾਂ, ਗੁਜਰਾਤ ਚ ਹੜ੍ਹਾਂ ਵਰਗੇ ਹਲਾਤ, NDRF ਤਾਇਨਾਤ

ਨਵੀਂ ਦਿੱਲੀ: (ਲੋਕ ਬਾਣੀ) ਉੱਤਰ ਪ੍ਰਦੇਸ਼ ਵਿੱਚ ਪਿਛਲੇ 24 ਘੰਟਿਆਂ ਵਿੱਚ ਮੀਂਹ ਨਾਲ ਸਬੰਧਤ ਘਟਨਾਵਾਂ ਵਿੱਚ 11 ਲੋਕਾਂ ਦੀ ਮੌਤ ਹੋ ਗਈ ਹੈ। ਰਾਹਤ ਵਿਭਾਗ ਮੁਤਾਬਕ ਸ਼ੁੱਕਰਵਾਰ ਸ਼ਾਮ 6:30 ਵਜੇ ਤੋਂ ਸ਼ਨੀਵਾਰ ਸ਼ਾਮ 6:30 ਵਜੇ ਤੱਕ ਬਿਜਲੀ ਡਿੱਗਣ ਕਾਰਨ 5 ਲੋਕਾਂ ਦੀ ਡੁੱਬਣ ਅਤੇ 5 ਦੀ ਮੌਤ ਹੋ ਗਈ। ਜਦਕਿ ਇੱਕ ਦੀ ਮੌਤ ਸੱਪ ਦੇ ਡੱਸਣ ਕਾਰਨ ਹੋਈ।



ਸੌਮ ਵਿਭਾਗ ਨੇ ਐਤਵਾਰ 22 ਜੁਲਾਈ ਨੂੰ ਵਿਦਰਭ, ਛੱਤੀਸਗੜ੍ਹ, ਕਰਨਾਟਕ, ਉੱਤਰਾਖੰਡ, ਉੱਤਰ ਪ੍ਰਦੇਸ਼, ਹਰਿਆਣਾ, ਅਰੁਣਾਚਲ ਪ੍ਰਦੇਸ਼, ਅਸਾਮ, ਮੇਘਾਲਿਆ, ਮਰਾਠਵਾੜਾ, ਆਂਧਰਾ ਪ੍ਰਦੇਸ਼ ਅਤੇ ਤੇਲੰਗਾਨਾ ਵਿੱਚ ਭਾਰੀ ਮੀਂਹ ਦੀ ਭਵਿੱਖਬਾਣੀ ਕੀਤੀ ਹੈ। ਅਗਲੇ ਚਾਰ ਦਿਨਾਂ ਦੌਰਾਨ ਕੋਂਕਣ, ਗੋਆ, ਮੱਧ ਮਹਾਰਾਸ਼ਟਰ, ਗੁਜਰਾਤ ਅਤੇ ਮੱਧ ਪ੍ਰਦੇਸ਼ ਵਿੱਚ ਭਾਰੀ ਮੀਂਹ ਦੀ ਸੰਭਾਵਨਾ ਹੈ। ਸੌਰਾਸ਼ਟਰ, ਗੁਜਰਾਤ ਵਿੱਚ ਸ਼ਨੀਵਾਰ ਨੂੰ ਭਾਰੀ ਮੀਂਹ ਕਾਰਨ ਨੀਵੇਂ ਇਲਾਕਿਆਂ ਵਿੱਚ ਹੜ੍ਹ ਵਰਗੀ ਸਥਿਤੀ ਬਣੀ ਹੋਈ ਹੈ। ©4♣6 ਦੀਆਂ ਟੀਮਾਂ ਰਾਹਤ ਅਤੇ ਬਚਾਅ ਲਈ ਤਾਇਨਾਤ ਕੀਤੀਆਂ ਗਈਆਂ ਹਨ।

ਗੁਜਰਾਤ ਦੇ ਨਖਤਰਾਨਾ ਚ ਭਾਰੀ ਮੀਂਹ ਕਾਰਨ ਪਾਲਰਧੁਨਾ ਝਰਨੇ ਚ ਪਾਣੀ ਵਧਣ ਕਾਰਨ ਹੜ੍ਹ ਵਰਗੀ ਸਥਿਤੀ ਪੈਦਾ ਹੋ ਗਈ ਹੈ। ਝਰਨੇ ਨੂੰ ਦੇਖਣ ਗਏ ਦੋ ਵਿਅਕਤੀ ਇਸ ਵਿੱਚ ਫਸ ਗਏ ਅਤੇ 2 ਘੰਟੇ ਤੱਕ ਬਬੂਲ ਦੇ ਦਰੱਖਤ ਦੇ ਸਹਾਰੇ ਲਟਕਦੇ ਰਹੇ। ਰੌਲਾ ਸੁਣ ਕੇ ਆਸ-ਪਾਸ ਦੇ ਲੋਕਾਂ ਨੇ ਰੱਸੀ ਦੀ ਮਦਦ ਨਾਲ ਦੋਵਾਂ ਨੂੰ ਬਾਹਰ ਕੱਢਿਆ।

# ਹਰਿਆਣਾ ਸਰਕਾਰ ਨਾਲ ਕਿਸਾਨ ਜੱਥੇਬੰਦੀਆਂ ਦੀ ਮੀਟਿੰਗ, ਚੰਡੀਗੜ੍ਹ ਚ ਚੱਲ ਰਹੀ ਹੈ ਮੀਟਿੰਗ

ਚੰਡੀਗੜ੍ਹ: (ਲੋਕ ਬਾਣੀ) ਹਰਿਆਣਾ ਸਰਕਾਰ ਨੇ ਕਿਸਾਨਾਂ ਦੇ ਦਿੱਲੀ ਵੱਲ ਸੰਭਾਵਿਤ ਮਾਰਚ ਦੇ ਮੱਦੇਨਜ਼ਰ ਰੱਖ ਕੇ ਉਨ੍ਹਾਂ ਨਾਲ ਗੱਲਬਾਤ ਕਰਨ ਦਾ ਫੈਸਲਾ ਕੀਤਾ ਹੈ। ਕਿਸਾਨ ਜਥੇਬੰਦੀਆਂ ਦੀ ਮੀਟਿੰਗ ਅੱਜ ਦੁਪਹਿਰ ਤੋਂ ਚੰਡੀਗੜ੍ਹ ਵਿਖੇ ਪ੍ਰਮੁੱਖ ਸਕੱਤਰ ਰਾਜੇਸ਼ ਖੁੱਲਰ ਦੀ ਪ੍ਰਧਾਨਗੀ ਹੇਠ ਚੱਲ ਰਹੀ ਹੈ। ਮੀਟਿੰਗ ਚ ਹੁਣ ਤੱਕ ਕੁਝ ਅਹਿਮ ਮੰਗਾਂ ਤੇ ਸਹਿਮਤੀ ਬਣ ਚੁੱਕੀ ਹੈ, ਜਦਕਿ ਬਾਕੀ ਮੰਗਾਂ ਤੇ ਚਰਚਾ ਜਾਰੀ ਹੈ।



ਮੀਟਿੰਗ ਵਿੱਚ ਬਿਜਲੀ ਕੁਨੈਕਸ਼ਨ ਲਈ ਹਿੱਸੇਦਾਰਾਂ ਨੂੰ ਹਲਫੀਆ ਬਿਆਨ ਨਾ ਦੇਣ ਦੀ ਸ਼ਰਤ ਨੂੰ ਹਟਾਉਣ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਤੋਂ ਇਲਾਵਾ ਦਾਦਰੀ ਵਿੱਚ ਸੜ ਗਏ ਕਿਸਾਨ ਜੈਪ੍ਰਕਾਸ਼ ਨੂੰ ਮੁਆਵਜ਼ਾ ਦਿੱਤਾ ਜਾਵੇਗਾ ਅਤੇ ਟਿਊਬਵੈੱਲ ਕੁਨੈਕਸ਼ਨ ਵਿੱਚ ਆਈਐਸਆਈ ਦੇ ਨਿਸ਼ਾਨ ਵਾਲੀ ਕੋਈ ਵੀ ਮੋਟਰ ਚਲਾਉਣ ਦੀ ਇਜਾਜ਼ਤ ਦੇਣ ਬਾਰੇ ਚਰਚਾ ਕੀਤੀ ਗਈ ਹੈ। ਜਿਸ ਤੇ ਪ੍ਰਮੁੱਖ ਸਕੱਤਰ ਨੇ ਭਰੋਸਾ ਦਿੱਤਾ ਹੈ ਕਿ ਇਸ ਨੂੰ ਯਕੀਨੀ ਤੌਰ ਤੇ ਮੁੱਖ ਮੰਤਰੀ ਦੇ ਸਾਹਮਣੇ ਰੱਖਿਆ ਜਾਵੇਗਾ।

ਦੱਸ ਦੇਈਏ ਕਿ ਇਸ ਤੋਂ ਪਹਿਲਾਂ 14 ਜੁਲਾਈ ਨੂੰ ਵੀ ਸਰਕਾਰ ਅਤੇ ਕਿਸਾਨ ਜਥੇਬੰਦੀਆਂ ਵਿਚਾਲੇ ਮੀਟਿੰਗ ਹੋਈ ਸੀ ਪਰ ਕੋਈ ਸਾਕਾਰਾਤਮਕ ਨਤੀਜਾ ਨਹੀਂ ਨਿਕਲਿਆ ਸੀ। ਹਾਲ ਹੀ ਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸ਼ੰਭੂ ਬਾਰਡਰ ਖੋਲ੍ਹਣ ਦੇ ਹੁਕਮ ਦਿੱਤੇ ਸਨ, ਜਿਸ ਤੋਂ ਬਾਅਦ ਕਿਸਾਨਾਂ ਨੇ ਦਿੱਲੀ ਜਾਣ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ। ਹਰਿਆਣਾ ਸਰਕਾਰ ਨੇ ਵੀ ਇਹ ਮਾਮਲਾ ਸੁਪਰੀਮ ਕੋਰਟ ਵਿੱਚ ਉਠਾਇਆ ਹੈ ਅਤੇ ਕਿਸਾਨ ਆਗੂਆਂ ਨੂੰ ਚੰਡੀਗੜ੍ਹ ਬੁਲਾ ਕੇ ਗੱਲਬਾਤ ਦੀ ਪ੍ਰਕਿਰਿਆ ਵੀ ਤੇਜ਼ ਕਰ ਦਿੱਤੀ ਹੈ।

# ਪ੍ਰਧਾਨ ਮੰਤਰੀ ਵੱਲੋਂ ਕਿਸਾਨਾਂ ਨਾਲ ਕੀਤਾ ਵਾਅਦਾ ਪੂਰਾ ਕਰਨ ਤੋਂ ਭੱਜਣਾ ਐਨ ਡੀ ਏ ਸਰਕਾਰ ਨੂੰ ਸੋਭਦਾ ਨਹੀਂ: ਹਰਸਿਮਰਤ ਕੌਰ ਬਾਦਲ

ਚੰਡੀਗੜ੍ਹ, (ਲੋਕ ਬਾਣੀ) ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਬਠਿੰਡਾ ਦੇ ਐਮ ਪੀ ਹਰਸਿਮਰਤ ਕੌਰ ਬਾਦਲ ਨੇ ਅੱਜ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਕਿਸਾਨਾਂ ਨਾਲ ਕੀਤੇ ਵਾਅਦੇ ਤੋਂ ਭੱਜਣਾ ਐਨ ਡੀ ਏ ਸਰਕਾਰ ਨੂੰ ਸ਼ੋਭਾ ਨਹੀਂ ਦਿੰਦਾ ਅਤੇ ਉਹਨਾਂ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਕਿਸਾਨਾਂ ਦੀਆਂ ਸ਼ਿਕਾਇਤਾਂ ਤੁਰੰਤ ਹੱਲ ਕਰਨ।

ਬਜਟ ਸੈਸ਼ਨ ਤੋਂ ਪਹਿਲਾਂ ਸੱਦੀ ਗਈ ਸਰਬ ਪਾਰਟੀ ਮੀਟਿੰਗ ਵਿਚ ਭਾਗ ਲੈਂਦਿਆਂ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਕਿਸਾਨਾਂ ਨਾਲ ਵਾਅਦਾ ਕੀਤਾ ਸੀ ਪਰ ਕਿਸਾਨਾਂ ਨੂੰ ਹੁਣ ਵੀ ਧਰਨੇ 'ਤੇ ਬੈਠਣਾ ਪੈ ਰਿਹਾ ਹੈ। ਉਹਨਾਂ ਕਿਹਾ ਕਿ ਐਮ ਐਸ ਪੀ ਨੂੰ ਕਾਨੂੰਨੀ ਗਰੰਟੀ ਦਾ ਰੂਪ ਦੇਣ ਸਮੇਤ ਕਿਸਾਨਾਂ ਦੇ ਸਾਰੇ ਮਸਲੇ ਹੱਲ ਹੋਣੇ ਚਾਹੀਦੇ ਹਨ।

ਬਠਿੰਡਾ ਦੇ ਐਮ ਪੀ ਨੇ ਦੇਸ਼ ਵਿਚ ਘੱਟ ਗਿਣਤੀਆਂ ਖਿਲਾਫ ਵਿਤਕਰਾ ਅਤੇ ਹਮਲਿਆਂ ਵਿਚ ਵਾਧਾ ਹੋਣ ਦੀ ਵੀ ਗੱਲ ਕੀਤੀ। ਉਹਨਾਂ ਕਿਹਾ ਕਿ ਇਹ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਉੱਤਰ ਪ੍ਰਦੇਸ਼ ਪੁਲਿਸ ਘੱਟ ਗਿਣਤੀ ਭਾਈਚਾਰੇ ਨੂੰ ਆਪਣੀਆਂ ਦੁਕਾਨਾਂ ਦੇ ਬਾਹਰ ਆਪਣੇ ਨਾਵਾਂ ਦੀਆਂ ਤਖਤੀਆਂ ਲਾਉਣ ਵਾਸਤੇ ਆਖ ਰਹੀ ਹੈ ਜਿਸ ਨਾਲ ਉਹਨਾਂ ਨੂੰ ਆਰਥਿਕ ਤੌਰ 'ਤੇ ਸੱਟ ਵੱਜੇਗੀ। ਉਹਨਾਂ ਕਿਹਾ ਕਿ ਇਸੇ ਤਰੀਕੇ ਰਾਜਸਥਾਨ ਵਿਚ ਅੰਮ੍ਰਿਤਧਾਰੀ ਸਿੱਖ ਬੀਬੀਆਂ ਨੂੰ ਜੁਡੀਸ਼ੀਅਲ ਪ੍ਰੀਖਿਆ ਵਾਸਤੇ ਪ੍ਰੀਖਿਆ ਕੇਂਦਰ ਵਿਚ ਦਾਖਲ ਹੋਣ ਤੋਂ ਰੋਕਿਆ ਗਿਆ ਜੋ ਕਿ ਆਪਣੇ ਧਰਮ ਨੂੰ ਅਪਣਾਉਣ ਦੇ ਮੌਲਿਕ ਅਧਿਕਾਰ ਦੀ ਉਲੰਘਣਾ ਹੈ।

ਉਹਨਾਂ ਕਿਹਾ ਕਿ ਸ੍ਰੀਗੰਗਾਨਗਰ ਵਿਚ ਇਕ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਖਿਲਾਫ ਨੈਸ਼ਨਲ ਸਕਿਓਰਿਟੀ ਐਕਟ (ਐਨ ਐਸ ਏ) ਤਹਿਤ ਕੇਸ ਦਰਜ ਕਰ ਦਿੱਤਾ ਗਿਆ ਕਿਉਂਕਿ ਉਹ ਗੁਰਦੁਆਰਾ ਸਾਹਿਬ ਢਹਿ ਢੇਰੀ ਕਰਨ ਵਾਲਿਆਂ ਦੇ ਖਿਲਾਫ ਬੋਲ ਰਹੇ ਸਨ।

ਪੰਜਾਬ ਵਿਚ ਨਸ਼ਾ ਤਸਕਰੀ ਤੇ ਨਸ਼ਿਆਂ ਦੇ ਪਸਾਰ ਵਿਚ ਹੋਏ ਵਾਧੇ ਦੀ ਗੱਲ ਕਰਦਿਆਂ ਬਾਦਲ ਨੇ ਕਿਹਾ ਕਿ ਪਾਕਿਸਤਾਨ ਤੋਂ ਡਰੋਨਾਂ ਰਾਹੀਂ ਪੰਜਾਬ ਵਿਚ ਨਸ਼ੇ ਸੁੱਟੇ ਜਾ ਰਹੇ ਹਨ। ਉਹਨਾਂ ਕਿਹਾ ਕਿ ਸੂਬੇ ਵਿਚ ਆਮ ਆਦਮੀ ਪਾਰਟੀ (ਆਪ) ਸਰਕਾਰ ਦੇ ਰਾਜ ਵਿਚ ਸਿਆਸਤਦਾਨਾਂ ਤੇ ਪੁਲਿਸ ਵਿਚਾਰ ਗੰਢਤੁਪ ਕਾਰਣ ਹਾਲਾਤ ਬਹੁਤ ਵਿਗੜ ਗਏ ਹਨ ਅਤੇ ਰੋਜ਼ਾਨਾ ਲੋਕ ਨਸ਼ਿਆਂ ਦੀ ਓਵਰਡੋਜ਼ ਨਾਲ ਮਰ ਰਹੇ ਹਨ। ਸਰਦਾਰਨੀ ਬਾਦਲ ਨੇ ਨਸ਼ਾ ਤਸਕਰੀ ਤੇ ਨਸ਼ਿਆਂ ਦੀ ਪੰਜਾਬ ਵਿਚ ਸਮਗਲਿੰਗ ਰੋਕਣ ਵਾਸਤੇ ਵਿਆਪਕ ਨੀਤੀ ਬਣਾਉਣ ਦੀ ਮੰਗ ਕੀਤੀ। ਬਾਦਲ ਨੇ ਇਹ ਵੀ ਦੱਸਿਆ ਕਿ ਕਿਵੇਂ ਲਗਾਤਾਰ ਪੰਜਾਬ ਤੋਂ ਇਸਦੇ ਦਰਿਆਈ ਪਾਣੀ ਲਗਾਤਾਰ ਖੋਹੇ ਜਾਂਦੇ ਰਹੇ ਹਨ ਤੇ ਹੁਣ ਪੰਜਾਬ ਦਾ ਪਾਣੀ ਹਰਿਆਣਾ ਅਤੇ ਦਿੱਲੀ ਨੂੰ ਸਤਲੁਜ ਯਮੁਨਾ ਲਿੰਕ ਨਹਿਰ ਰਾਹੀਂ ਦੇਣ ਦੇ ਯਤਨ ਕੀਤੇ ਜਾ ਰਹੇ ਹਨ।

ਉਹਨਾਂ ਕਿਹਾ ਕਿ ਇਹ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਕਾਂਗਰਸ, ਭਾਜਪਾ ਤੇ ਆਪ ਸਮੇਤ ਸਾਰੀਆਂ ਕੌਮੀ ਪਾਰਟੀਆਂ ਨੇ ਇਸ ਅਹਿਮ ਮਾਮਲੇ 'ਤੇ ਆਪਣੇ ਦੋਗਲੇਪਣ ਨਾਲ ਪੰਜਾਬ ਦਾ ਸਟੈਂਡ ਕਮਜ਼ੋਰ ਕੀਤਾ ਹੈ। ਉਹਨਾਂ ਕਿਹਾ ਕਿ ਇਹ ਪਾਰਟੀਆਂ ਪੰਜਾਬ ਵਿਚ



ਐਸ ਵਾਈ ਐਲ ਦੀ ਉਸਾਰੀ ਦਾ ਵਿਰੋਧ ਕਰਦੀਆਂ ਰਹੀਆਂ ਹਨ ਪਰ ਹਰਿਆਣਾ ਤੇ ਦਿੱਲੀ ਵਿਚ ਇਸਦੀ ਹਮਾਇਤ ਕਰਦੀਆਂ ਹਨ। ਉਹਨਾਂ ਕਿਹਾ ਕਿ ਜੇਕਰ ਨਹਿਰ ਦੀ ਉਸਾਰੀ ਹੋ ਗਈ ਤਾਂ ਪੰਜਾਬ ਮਾਰੂਥਲ ਬਣ ਜਾਵੇਗਾ ਤੇ ਇਸ ਨਾਲ ਕਿਸਾਨਾਂ ਦੇ ਨਾਲ-ਨਾਲ ਸੂਬੇ ਦੇ ਅਰਥਚਾਰੇ 'ਤੇ ਬਹੁਤ ਵੱਡੀ ਮਾਰ ਪਵੇਗੀ।

ਕੇਂਦਰੀ ਐਨਫੋਰਸਮੈਂਟ ਏਜੰਸੀਆਂ ਦੇ ਇਕਪਾਸੜ ਕੰਮਕਾਜ ਦੀ ਗੱਲ ਕਰਦਿਆਂ ਸਰਦਾਰਨੀ ਬਾਦਲ ਨੇ ਕਿਹਾ ਕਿ ਇਹ ਬਹੁਤ ਹੈਰਾਨੀ ਵਾਲੀ ਗੱਲ ਹੈ ਕਿ ਦਿੱਲੀ ਸ਼ਰਾਬ ਘੁਟਾਲੇ ਵਿਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਤਾਂ ਗ੍ਰਿਫਤਾਰ ਕੀਤਾ ਗਿਆ ਹੈ ਪਰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਖਿਲਾਫ ਕੋਈ ਕਾਰਵਾਈ ਨਹੀਂ ਹੋ ਰਹੀ ਜਦੋਂ ਕਿ ਇਹੀ ਘੁਟਾਲਾ ਪੰਜਾਬ ਵਿਚ ਵੀ ਹੋਇਆ ਹੈ। ਉਹਨਾਂ ਕਿਹਾ ਕਿ ਇਸਦਾ ਮਤਲਬ ਇਹ ਹੈ ਕਿ ਪੰਜਾਬ ਆਪ ਸਰਕਾਰ ਨਾਲ ਕੋਈ ਆਪਸੀ ਸਾਂਝ ਪਾਈ ਗਈ ਹੈ।

# ਲੋਕਾਂ ਦਾ ਵਾਤਾਵਰਣ ਪ੍ਰਤੀ ਜਾਗਰੂਕ ਹੋਣਾ ਬਹੁਤ ਜ਼ਰੂਰੀ -ਹਾਜੀ ਜੋਤੀ ਮੰਹਤ

## ਵਾਤਾਵਰਣ ਨੂੰ ਬਚਾਉਣ ਲਈ ਵੱਧ ਤੋਂ ਵੱਧ ਬੂਟੇ ਲਗਾਉਣ ਦੀ ਲੋੜ - ਡਾ. ਰਮਨ

ਫਗਵਾੜਾ (ਜੀਵਨ ਸੰਘਾ) ਵਾਤਾਵਰਣ ਨੂੰ ਸ਼ੁੱਧ ਅਤੇ ਸਾਫ਼ ਸੁਥਰਾ ਰੱਖਣ ਲਈ ਮੁਹੱਲਾ ਡਿਵੈਲਪਮੈਂਟ ਕਮੇਟੀ ਭਗਤਪੁਰਾ ਫਗਵਾੜਾ ਵੱਲੋ ਰੋਟਰੀ ਕਲੱਬ ਗੁਰਾਇਆ ਮਿਡ ਟਾਊਨ ਦੇ ਸਹਿਯੋਗ ਨਾਲ ਇੱਕ ਛੋਟਾ ਜਿਹਾ ਉਪਰਾਲਾ ਕਰਦੇ ਹੋਏ ਡਾ. ਰਮਨ ਸ਼ਰਮਾ ਦੀ ਯੋਗ ਅਗਵਾਈ ਹੇਠ 100 ਤੋਂ ਵਧੇਰੇ ਵੱਖ ਵੱਖ ਥਾਂਵਾ ਤੇ ਫਲਦਾਰ ਅਤੇ ਛਾਂਦਾਰ ਬੂਟੇ ਲਗਾਏ ਗਏ । ਇਸ ਮੌਕੇ ਵਿਸ਼ੇਸ਼ ਤੌਰ ਤੇ ਪਹੁੰਚੇ ਦਰਬਾਰ ਦਾਤਾ ਅਲੀ ਅਹਿਮਦ ਸਾਬਰੀ ਸ਼ੀਲਾ ਮੰਹਤ ਸਾਬਰੀ ਬਾਬਾ ਅਸ਼ੋਕ ਸ਼ਾਹ ਕਾਦਰੀ ਦੇ ਗੱਦੀ ਨਸੀਨ ਜੋਤੀ ਮੰਹਤ (ਮੁਹੱਲਾ ਭਗਤਪੁਰਾ ਫਗਵਾੜਾ ) ਨੇ ਬੂਟੇ ਲਗਾਉਣ ਦੀ ਆਰੰਭਤਾ ਕੀਤੀ । ਇਸ ਮੌਕੇ ਹਾਜੀ ਜੋਤੀ ਮੰਹਤ ਨੇ ਕਿਹਾ ਕਿ ਅੱਜ ਤਾਪਮਾਨ ਵਿੱਚ ਤੇਜ਼ੀ ਨਾਲ ਤਬਦੀਲੀ ਦਾ ਪ੍ਰਭਾਵ ਨਾ ਸਿਰਫ਼ ਮਨੁੱਖਾਂ ਲਈ ਸਗੋਂ ਧਰਤੀ ਦੇ ਸਾਰੇ ਜੀਵਾਂ ਲਈ ਇੱਕ ਖ਼ਤਰਾ ਵੱਡਾ ਬਣ ਗਿਆ ਹੈ ਇਹੀ ਕਾਰਨ ਹੈ ਕਿ ਕਈ ਜਾਨਵਰ ਅਲੋਪ ਹੋ ਰਹੇ ਹਨ ਇਸ ਦੇ ਨਾਲ ਹੀ ਲੋਕ ਕਈ ਗੰਭੀਰ ਬਿਮਾਰੀਆਂ ਦੀ ਲਪੇਟ ਵਿੱਚ ਵੀ ਆ ਰਹੇ ਹਨ । ਉਨ੍ਹਾਂ ਕਿਹਾ ਕਿ ਇਹ ਸਭ ਸਿਰਫ਼ ਵਾਤਾਵਰਣ ਵਿੱਚ ਤਬਦੀਲੀ ਅਤੇ ਇਸ ਨੂੰ ਪਹੁੰਚਣ ਵਾਲੇ ਨੁਕਸਾਨ ਕਾਰਨ ਹੈ ਅਸੀਂ ਆਪਣੇ ਵਾਤਾਵਰਣ ਦੀ ਸੰਭਾਲ ਨਹੀਂ ਕਰ ਰਹੇ ਹਾਂ ਇਸੇ ਕਾਰਨ ਹੌਲੀ ਹੌਲੀ ਸਾਡੀ ਜ਼ਿੰਦਗੀ ਮੁਸ਼ਕਲ ਹੁੰਦੀ ਜਾ ਰਹੀ ਹੈ ਅਤੇ ਇਸ ਲਈ ਲੋਕਾਂ ਨੂੰ ਵਾਤਾਵਰਣ ਪ੍ਰਤੀ ਜਾਗਰੂਕ ਹੋਣਾ ਬਹੁਤ ਜ਼ਰੂਰੀ ਹੈ ਪ੍ਰਧਾਨ ਡਾ. ਰਮਨ ਸ਼ਰਮਾ ਨੇ ਕਿਹਾ ਕਿ ਰੁੱਖਾਂ ਨਾਲ ਸਾਡਾ ਮੁੱਢ ਕਦੀਮ ਤੋਂ ਰਿਸ਼ਤਾ ਹੈ,ਕੇਵਲ ਮਨੁੱਖ ਹੀ ਨਹੀਂ ਪਸ਼ੂ ਪੰਛੀ ਵੀ ਰੁੱਖਾਂ ਤੇ ਨਿਰਭਰ ਹਨ ਰੁੱਖਾਂ ਤੋਂ ਬਿਨਾਂ ਸਾਡੀ ਹੋਂਦ ਅਸੰਭਵ ਹੈ ਉਨ੍ਹਾਂ ਕਿਹਾ ਕਿ ਵਾਤਾਵਰਣ ਦੇ ਪ੍ਰਦੂਸਿਤ ਹੋਣ ਦਾ ਕਾਰਨ ਦਰੱਖਤਾਂ ਦੀ ਕਟਾਈ ਹੈ,ਜਿਸ ਨਾਲ ਧਰਤੀ ਤੇ ਤਪਸ਼ ਵਧ ਰਹੀ ਹੈ ਤੇ ਧਰਤੀ ਦੀ ਹੋਂਦ ਨੂੰ ਖਤਰਾ ਪੈਦਾ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਵਕਤ ਦੀ ਨਜਾਕਤ ਨੂੰ ਸਮਝਦੇ ਹੋਏ ਸਾਨੂੰ ਰਲ ਮਿਲ ਕੇ ਧਰਤੀ ਨੂੰ ਬਚਾਉਣ ਲਈ ਵੱਧ ਤੋਂ ਵੱਧ ਬੂਟੇ ਲਗਾ ਕੇ ਉਨ੍ਹਾਂ ਦੀ ਦੇਖਭਾਲ ਕਰਨੀ ਚਾਹੀਦੀ ਹੈ । ਰੋਟੈਰੀਅਨ ਨਿਤਿਸ਼ ਗਨਾਤਰਾ ਨੇ ਕਿਹਾ ਕਿ ਸਭ ਤੋਂ ਵਧੀਆ ਤੋਹਫ਼ੇ ਜੋ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਦੇ ਸਕਦੇ ਹਾਂ ਉਹ ਰੁੱਖ ਹਨ । ਉਨ੍ਹਾਂ ਨੇ ਕਿਹਾ ਕਿ ਵਾਤਾਵਰਣ ਨੂੰ ਬਚਾਉਣ ਲਈ ਸਾਡੇ ਸਾਰਿਆਂ ਵੱਲੋਂ ਘੱਟੋ ਘੱਟ ਇੱਕ ਰੁੱਖ ਲਗਾਉਣ ਸਮੇਂ ਦੀ ਮੁੱਖ ਲੋੜ ਹੈ ਇਸ ਮੌਕੇ ਐਡਵੋਕੇਟ ਜਤਿੰਦਰ ਠਾਕੁਰ , ਗੁਰਮੀਤ ਸਿੰਘ ਮੰਗਾ, ਰਾਜਵਿੰਦਰ ਸਿੰਘ ਸ਼ੇਰਾ , ਸੰਦੀਪ ਸਿੰਘ ਸਿਆਣ , ਪ੍ਰਵੀਨ ਕਨੌਜੀਆ, ਗੁਰਦਿਆਲ ਸਿੰਘ ਨੰਨੜਾ, ਗੁਰਮੇਲ ਸਿੰਘ, ਮਨਪ੍ਰੀਤ ਸਿੰਘ , ਰਾਮ ਤਿਲਕ , ਐਮ. ਡੀ. ਖੁਰਬਾਨ , ਮੰਗਾ , ਜੀਵਨ ਸੰਘਾ ਆਦਿ ਮੌਜੂਦ ਸਨ ।





# ਤੁਸ਼ਾਰ ਜੈਰਥ ਨੂੰ ਰੋਟਰੀ ਕਲੱਬ ਨੰਗਲ ਦਾ ਪ੍ਰਧਾਨ ਬਣਨ ਤੇ ਦਿੱਤੀਆਂ ਮੁਬਾਰਕਾਂ



ਸ੍ਰੀ ਅਨੰਦਪੁਰ ਸਾਹਿਬ, (ਦਵਿੰਦਰਪਾਲ ਸਿੰਘ) ਰੋਟਰੀ ਕਲੱਬ ਨੰਗਲ ਦੇ ਨਵੇਂ ਚੁਣੇ ਗਏ ਪ੍ਰਧਾਨ ਤੁਸ਼ਾਰ ਜੈਰਥ ਦੀ ਬ੍ਰਹਮਪੁਰ ਵਿਖੇ ਦਾ ਹੈਡ ਕੁਆਰਟਰ ਹੋਟਲ ਦੇ ਵਿਖੇਤਾਜਪੋਸ਼ੀ ਕੀਤੀ ਗਈ ਜਿਸ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਰੋਟਰੀ ਡਿਸਟਰਿਕ 3080 ਦੇ ਸਾਬਕਾ ਗਵਰਨਰ ਰੋਟੇਰੀਅਨ ਅਜੇ ਮੈਦਾਨ ਮੁੱਖ ਮਹਿਮਾਨ ਦੇ ਤੌਰ ਤੇ ਅਤੇ ਰੋਟੇਰੀਅਨ ਰਵੀ ਪ੍ਰਕਾਸ਼ ਅਸਿਸਟੈਂਟ ਡਿਸਟਰਿਕ ਗਵਰਨਰ ਗੈਸਟ ਆਫ ਆਨਰ ਦੇ ਤੌਰ ਤੇ ਪੁੱਜੇ। ਤੁਸ਼ਾਰ ਜੈਰਥ ਨੂੰ ਮਿਲੀ ਇਸ ਨਵੀਂ ਜਿੰਮੇਵਾਰੀ ਤੇ ਰੋਟਰੀ ਕਲੱਬ ਸ਼੍ਰੀ ਅਨੰਦਪੁਰ ਸਾਹਿਬ ਦੇ ਪ੍ਰਧਾਨ ਡਾ. ਗੁਰਪਾਲ ਸਿੰਘ,ਸੈਕਟਰੀ ਜਸਵੀਰ ਸਿੰਘ ਜੱਸਾ, ਡਾ. ਪੀਜੇਐਸ ਕੰਗ, ਰੋਟੇਰੀਅਨ ਪ੍ਰਿੰਸੀਪਲ ਡਾ. ਜਸਵੀਰ ਸਿੰਘ ਡਾ. ਰਣਬੀਰ ਸਿੰਘ, ਰੋਟੇਰੀਅਨ ਸੁਖਵਿੰਦਰ ਪਾਲ ਸਿੰਘ ਸੁੱਖੂ, ਬਬਲੂ ਰਾਣਾ ਅਗੰਮਪੁਰ ਨੇ ਮੁਬਾਰਕਾਂ ਦਿੱਤੀ । ਇਹਨਾਂ ਆਗੂਆਂ ਨੇ ਕਿਹਾ ਕਿ ਉਹਨਾਂ ਨੂੰ ਪੂਰਨ ਆਸ ਹੈ ਕਿ ਤੁਸ਼ਾਰ ਜੈਰਥ ਦੀ ਯੋਗ ਅਗਵਾਈ ਹੇਠ ਰੋਟਰੀ ਕਲੱਬ ਨੰਗਲ ਇਲਾਕੇ ਵਿਚ ਸਮਾਜ ਸੇਵਾ ਦੇ ਵੱਡੇ ਕੰਮ ਕਰੇਗਾ। ਉਨ੍ਹਾ ਕਿਹਾ ਕਿ ਰੋਟਰੀ ਕਲੱਬ ਸ਼੍ਰੀ ਅਨੰਦਪੁਰ ਸਾਹਿਬ ਵੱਲੋਂ ਤੁਸ਼ਾਰ ਜੈਰਥ ਅਤੇ ਉਨਾਂ ਦੀ ਸਮੁੱਚੀ ਟੀਮ ਨੂੰ ਪੂਰਾ ਸਹਿਯੋਗ ਦਿੱਤਾ ਜਾਵੇਗਾ ਅਤੇ ਸਮਾਜ ਸੇਵਾ ਦੇ ਕੰਮਾਂ ਨੂੰ ਦੋਵੇਂ ਕਲੱਬ ਰਲਕੇ ਹੋਰ ਤੇਜ ਗਤੀ ਨਾਲ ਅੱਗੇ ਤੋਰਨਗੇ।

# ਸੀਗਲ ਇੰਡੀਆ ਲਿਮਟਿਡ ਨੂੰ ਆਈਪੀਓ ਲਈ ਸੇਬੀ ਦੀ ਮਨਜ਼ੂਰੀ ਮਿਲੀ

ਲੁਧਿਆਣਾ, (ਲੋਕ ਬਾਣੀ) – ਸੀਗਲ ਇੰਡੀਆ ਲਿਮਟਿਡ, ਇੱਕ ਬੁਨਿਆਦੀ ਢਾਂਚਾ ਨਿਰਮਾਣ ਕੰਪਨੀ, ਜਿਸ ਨੂੰ ਐਲੀਵੇਟਿਡ ਸੜਕਾਂ, ਫਲਾਈਓਵਰ, ਪੁਲ, ਰੇਲਵੇ ਓਵਰ ਬ੍ਰਿਜ, ਸੁਰੰਗਾਂ, ਹਾਈਵੇਅ, ਐਕਸਪ੍ਰੈਸਵੇਅ ਅਤੇ ਰਨਵੇਅ ਵਰਗੇ ਵਿਸ਼ੇਸ਼ ਢਾਂਚਾਗਤ ਕੰਮ ਕਰਨ ਦਾ ਤਜਰਬਾ ਹੈ, ਨੂੰ ਸ਼ੁਰੂਆਤੀ ਜਨਤਕ ਪੇਸ਼ਕਸ਼ ਰਾਹੀਂ ਫੰਡ ਪ੍ਰਾਪਤ ਹੋਣਗੇ। ਫੰਡ ਜੁਟਾਉਣ ਲਈ ਮਾਰਕੀਟ ਰੈਗੂਲੇਟਰ ਸਕਿਓਰਿਟੀਜ਼ ਐਂਡ ਐਕਸਚੇਂਜ ਬੋਰਡ ਤੋਂ ਆਈਪੀਓ ਪ੍ਰਾਪਤ ਕੀਤੀ ਗਈ ਹੈ। ਕੰਪਨੀ ਨੇ 3 ਮਾਰਚ, 2024 ਨੂੰ ਆਪਣੇ ਆਈਪੀਓ ਦਸਤਾਵੇਜ਼ ਦਾਇਰ ਕੀਤੇ ਸਨ। 617.69 ਕਰੋੜ ਰੁਪਏ ਅਤੇ ਪ੍ਰਮੋਟਰ ਅਤੇ ਪ੍ਰਮੋਟਰ ਸਮੂਹ ਵੇਚਣ ਵਾਲੇ ਸ਼ੇਅਰਧਾਰਕਾਂ ਅਤੇ ਵਿਅਕਤੀਗਤ ਵੇਚਣ ਵਾਲੇ ਸ਼ੇਅਰਧਾਰਕ 14.28 ਮਿਲੀਅਨ ਤੱਕ ਦੇ ਇਕੁਇਟੀ ਸ਼ੇਅਰਾਂ ਦੀ ਵਿਕਰੀ ਲਈ ਪੇਸ਼ਕਸ਼ ਵਿੱਚ ਯੋਗ ਕਰਮਚਾਰੀਆਂ ਦੀ ਗਾਹਕੀ ਲਈ ਰਿਜ਼ਰਵੇਸ਼ਨ ਸ਼ਾਮਲ ਹੈ, ਪ੍ਰੀਪਰੇਟਰੀ ਅਲਾਟਮੈਂਟ, ਰਾਈਟਸ ਇਸ਼ੂ ਮੈਨ ਲੇਅਡ ਕੰਪਨੀ ਨਾਲ ਸਲਾਹ ਮਸ਼ਵਰੇ ਵਿੱਚ। ਜਾਂ ਕਿਸੇ ਹੋਰ ਵਿਧੀ ਰਾਹੀਂ 123.50 ਕਰੋੜ ਰੁਪਏ ਦੀ ਪ੍ਰੀ-ਆਈਪੀਓ ਪਲੇਸਮੈਂਟ ਰਾਹੀਂ ਨਿਰਧਾਰਤ ਪ੍ਰਤੀਭੂਤੀਆਂ ਦੇ ਕਿਸੇ ਹੋਰ ਮੁੱਦੇ ਤੇ ਵਿਚਾਰ ਕਰੋ। ਜੇਕਰ ਅਜਿਹੀ ਪਲੇਸਮੈਂਟ ਪੂਰੀ ਹੋ ਜਾਂਦੀ ਹੈ, ਤਾਂ ਨਵੇਂ ਅੰਕ ਦਾ ਆਕਾਰ ਘਟਾਇਆ ਜਾਵੇਗਾ, ਇਹ ਪੇਸ਼ਕਸ਼ ਬੁੱਕ ਬਿਲਡਿੰਗ ਪ੍ਰਕਿਰਿਆ ਰਾਹੀਂ ਕੀਤੀ ਜਾ ਰਹੀ ਹੈ ਜਿਸ ਵਿੱਚ 50 ਫੀਸਦੀ ਤੋਂ ਵੱਧ ਪੇਸ਼ਕਸ਼ ਯੋਗ ਸੰਸਥਾਗਤ ਖਰੀਦਦਾਰਾਂ ਨੂੰ ਅਨੁਪਾਤ ਦੇ ਆਧਾਰ ਤੇ ਵੰਡਣ ਲਈ ਉਪਲਬਧ ਹੋਵੇਗੀ। ਗੈਰ-ਸੰਸਥਾਗਤ ਨਿਵੇਸ਼ਕ ਅਲਾਟਮੈਂਟ ਲਈ ਘੱਟੋ-ਘੱਟ 15% ਉਪਲਬਧ ਹੋਣਗੇ। ਸ਼ੁੱਧ ਪੇਸ਼ਕਸ਼ ਦਾ ਘੱਟੋ-ਘੱਟ 35 ਪ੍ਰਤੀਸ਼ਤ ਪ੍ਰਚੂਨ ਵਿਅਕਤੀਗਤ ਨਿਵੇਸ਼ਕਾਂ ਨੂੰ ਵੰਡਣ ਲਈ ਉਪਲਬਧ ਹੋਵੇਗਾ।

# ਕਿਸਾਨਾਂ ਨੇ ਮੋਟਰਾਂ ਨੂੰ ਪੂਰੀ ਬਿਜਲੀ ਨਾ ਮਿਲਣ ਦੇ ਚਲਦਿਆਂ ਰਿਹਾਣਾ ਜੱਟਾਂ ਸਬ-ਸਟੇਸ਼ਨ ਦਾ ਕੀਤਾ ਘਿਰਾਓ

## ਹੁਸ਼ਿਆਰਪੁਰ ਰੋਡ ਤੇ ਕਰੀਬ ਦੋ ਘੰਟੇ ਜਾਮ ਰਿਹਾ ਟਰੈਫਿਕ ਓਵਰ ਲੋਡਿੰਗ ਦੇ ਚਲਦਿਆਂ ਪੇਸ਼ ਆ ਰਹੀ ਸਮੱਸਿਆ - ਐਕਸ.ਈ.ਐਨ.

ਫਗਵਾੜਾ (ਜੀਵਨ ਸੰਘਾ) ਝੋਨੇ ਦੇ ਸੀਜਨ 'ਚ ਪੰਜਾਬ ਸਰਕਾਰ ਦੇ ਐਲਾਨ ਦੇ ਬਾਵਜੂਦ ਮੋਟਰਾਂ ਨੂੰ ਰੋਜਾਨਾ ਅੱਠ ਘੰਟੇ ਬਿਜਲੀ ਨਾ ਮਿਲਣ ਨਾਲ ਰੋਹ 'ਚ ਆਏ ਕਿਸਾਨਾਂ ਵਲੋਂ ਅੱਜ ਆਜਾਦ ਕਿਸਾਨ ਕਮੇਟੀ ਦੋਆਬਾ ਪੰਜਾਬ ਦੇ ਬੈਨਰ ਹੇਠ 220 ਕੇ.ਵੀ. ਗ੍ਰਿਡ ਸਬ-ਸਟੇਸ਼ਨ ਰਿਹਾਣਾ ਜੱਟਾਂ ਦਾ ਘਿਰਾਓ ਕਰਦਿਆਂ ਕਰੀਬ ਦੋ ਘੰਟੇ ਤੱਕ ਧਰਨਾ ਲਗਾ ਕੇ ਰੋਸ ਮੁਜਾਹਰਾ ਕੀਤਾ ਗਿਆ। ਜਿਸਦੇ ਚਲਦਿਆਂ ਹੁਸ਼ਿਆਪੁਰ ਰੋਡ 'ਤੇ ਟਰੈਫਿਕ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ। ਸੜਕ ਦੇ ਦੋਵੇਂ ਪਾਸੇ ਵਾਹਨਾਂ ਦੀਆਂ ਲੰਬੀਆਂ ਕਤਾਰਾਂ ਲੱਗੀਆਂ ਰਹੀਆਂ ਅਤੇ ਹੁਮਸ ਭਰੀ ਗਰਮੀ 'ਚ ਬੱਚੇ, ਔਰਤਾਂ, ਬਜੁਰਗ ਡਾਢੇ ਪਰੇਸ਼ਾਨ ਨਜ਼ਰ ਆਏ। ਇਸ ਦੌਰਾਨ ਜੱਥੇਬੰਦੀ ਦੇ ਸੂਬਾ ਪ੍ਰਧਾਨ ਹਰਪਾਲ ਸਿੰਘ ਚਾਹਲ ਰਾਜਪੁਰ ਭਾਈਆਂ ਅਤੇ ਕਾਮਰੇਡ ਤਰਲੋਕ ਸਿੰਘ ਭਬਿਆਨਾ ਨੇ ਦੱਸਿਆ ਕਿ ਇਕ ਪਾਸੇ ਬਰਸਾਤ ਨਹੀਂ ਹੋ ਰਹੀ ਹੈ ਅਤੇ ਦੂਸਰੇ ਪਾਸੇ ਪੰਜਾਬ ਸਰਕਾਰ ਵਲੋਂ ਝੋਨੇ ਦੇ ਸੀਜਨ 'ਚ ਖੇਤਾਂ ਦੀਆਂ ਮੋਟਰਾਂ ਨੂੰ ਅੱਠ ਘੰਟੇ ਰੋਜਾਨਾ ਬਿਜਲੀ ਦੇਣ ਦੇ ਐਲਾਨ ਦੇ ਬਾਵਜੂਦ ਪਾਵਰਕਾਮ ਵਲੋਂ ਬਿਜਲੀ ਦੀ ਲੋੜੀਂਦੀ ਅਪੂਰਤੀ ਨਹੀਂ ਕੀਤਾ ਜਾ ਰਹੀ। ਉਹਨਾਂ ਦੱਸਿਆ ਕਿ ਰੋਜਾਨਾ ਕੁੱਝ ਘੰਟੇ ਹੀ ਬਿਜਲੀ ਦੀ ਸਪਲਾਈ ਆ ਰਹੀ ਹੈ। ਜਿਸ ਕਰਕੇ ਉਹਨਾਂ ਦੀਆਂ ਫਸਲਾਂ ਦਾ ਭਾਰੀ ਨੁਕਸਾਨ ਹੋ ਰਿਹਾ ਹੈ। ਧਰਨੇ ਦੇ ਚਲਦਿਆਂ ਹਰਕਤ 'ਚ ਆਏ ਪਾਵਰਕਾਮ ਦੇ ਐਕਸ.ਈ.ਐਨ. ਪ੍ਰਦੀਪ ਸ਼ਰਮਾ ਹੁਸ਼ਿਆਰਪੁਰ ਅਤੇ ਐਸ. ਡੀ.ਓ. ਸੁਖਦੇਵ ਸਿੰਘ ਮੌਕੇ 'ਤੇ ਪੁੱਜੇ। ਉਹਨਾਂ ਕਿਸਾਨਾਂ ਨੂੰ ਦੱਸਿਆ ਕਿ ਹੁਮਸ ਭਰੀ ਗਰਮੀ ਦੇ ਚਲਦਿਆਂ ਬਿਜਲੀ ਦੀ ਭਾਰੀ ਮੰਗ ਹੋਣ ਅਤੇ ਓਵਰ ਲੋਡਿੰਗ ਦੇ ਚਲਦਿਆਂ ਇਹ ਸਮੱਸਿਆ ਪੇਸ਼ ਆ ਰਹੀ ਹੈ। ਪਰ ਫਿਰ ਵੀ ਉਹ ਉੱਚ ਅਧਿਕਾਰੀਆਂ ਦੇ ਨੋਟਿਸ ਵਿਚ ਕਿਸਾਨਾਂ ਦੀ ਮੁਸ਼ਕਿਲ ਲਿਆ ਕੇ ਹਰ ਸੰਭਵ ਹਲ ਕਰਵਾਉਣ ਦਾ ਯਤਨ ਕਰਨਗੇ। ਜਿਸ ਤੋਂ ਬਾਅਦ ਇਹ ਧਰਨਾ ਸਮਾਪਤ ਹੋਇਆ ਅਤੇ ਰਾਹਗੀਰਾਂ ਨੇ ਵੀ ਸੁੱਖ ਦਾ ਸਾਹ ਲਿਆ। ਇਸ ਮੌਕੇ ਮੀਕਾ ਰਿਹਾਣਾ ਜੱਟਾਂ, ਵੀਰ ਰਿਹਾਣਾ ਜੱਟਾਂ, ਬਲਵੀਰ ਸਿੰਘ, ਮਨਜੀਤ ਸਿੰਘ, ਹਰਦੀਪ ਸਿੰਘ, ਹਰਪ੍ਰੀਤ ਸਿੰਘ, ਗੋਲਡੀ, ਹੈਪੀ, ਰੋਕੀ ਠੱਕਰਵਾਲ ਤੋਂ ਇਲਾਵਾ ਪਿੰਡ ਡੁਮੇਲੀ, ਮੀਰਾਂਪੁਰ ਗੁਜਰਾਤਾਂ, ਮੇਹਟੀਆਣਾ, ਰਿਹਾਣਾ ਜੱਟਾਂ, ਬਘਾਣਾ, ਫੁਗਲਾਣਾ, ਰਾਜਪੁਰ ਭਾਈਆਂ, ਪਾਂਛਟ, ਨੂਰੜ, ਨਸੀਰਾਬਾਦ, ਟਾਂਡਾ ਬਘਾਣਾ ਆਦਿ ਦੇ ਸੈਂਕੜੇ ਕਿਸਾਨ ਹਾਜਰ ਸਨ।



# ਵਾਤਾਵਰਨ ਨੂੰ ਸਾਫ ਰੱਖਣ ਲਈ ਬੂਟੇ ਲਗਾਓ: ਡਾ. ਸਤਨਾਮ ਸਿੰਘ

## ਪੀ.ਐਚ.ਸੀ ਥਰੀਏਵਾਲ ਤੋਂ ਬਲਾਕ ਵਿੱਚ ਬੂਟੇ ਲਾਉਣ ਦੀ ਹੋਈ ਸ਼ੁਰੂਆਤ




ਥਰੀਏਵਾਲ/ਮਜੀਠਾ, (ਲੋਕ ਬਾਣੀ) ਸਿਵਲ ਸਰਜਨ ਅੰਮ੍ਰਿਤਸਰ ਡਾਕਟਰ ਸੁਮੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤੇ ਸੀਨੀਅਰ ਮੈਡੀਕਲ ਅਧਿਕਾਰੀ ਡਾ. ਸਤਨਾਮ ਸਿੰਘ ਦੀ ਅਗਵਾਈ ਵਿੱਚ ਸਿਹਤ ਬਲੌਕ ਪੀ.ਐਚ.ਸੀ ਥਰੀਏਵਾਲ ਵਿਖੇ ਬੂਟੇ ਲਗਾ ਕੇ ਬਲਾਕ ਦੇ ਸਮੂਹ ਸਿਹਤ ਕੇਂਦਰਾਂ ਵਿੱਚ ਬੂਟੇ ਲਾਉਣ ਦੀ ਸ਼ੁਰੂਆਤ ਕੀਤੀ ਗਈ।

ਇਸ ਦੌਰਾਨ ਬੋਲਦਿਆ ਹੋਏ ਡਾ. ਸਤਨਾਮ ਸਿੰਘ ਨੇ ਕਿਹਾ ਕਿ ਲਗਾਤਾਰ ਘੱਟ ਰਹੇ ਰੁੱਖਾਂ ਦੇ ਕਾਰਨ ਤਾਪਮਾਨ ਲਗਾਤਾਰ ਵੱਧ ਰਿਹਾ ਹੈ ਜਿਸਦਾ ਖਮਿਆਜਾ ਲੋਕਾਂ ਨੂੰ ਤੇਜ ਗਰਮੀ ਦੇ ਰੂਪ ਵਿੱਚ ਭੁਗਤਨਾ ਪੈ ਰਿਹਾ ਹੈ। ਉਹਨਾਂ ਨੇ ਸਮੂਹ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਵਾਤਾਵਰਨ ਨੂੰ ਸ਼ੁੱਧ ਰੱਖਣ ਦੇ ਲਈ ਖਾਲੀ ਪਈਆਂ ਜਗਾਹਾਂ ਉੱਤੇ ਜਿਆਦਾ ਤੋਂ ਜਿਆਦਾ ਪੌਦੇ ਲਗਾਓ।ਉਸਦੇ ਨਾਲ ਨਾਲ ਇਹਨਾਂ ਦੀ ਪਰਵਰਿਸ਼ ਵੀ ਕੀਤੀ ਜਾਵੇ ਤਾਂ ਕਿ ਇਹ ਰੁੱਖ ਦਾ ਰੂਪ ਧਾਰਨ ਕਰਕੇ ਵਾਤਾਵਰਨ ਨੂੰ ਸੰਤੁਲਿਤ ਕਰ ਸਕਣ। ਇਸ ਮੌਕੇ ਤੇ ਬਲਾਕ ਐਕਸਟੈਂਸ਼ਨ ਐਜੂਕੇਟਰ ਰਣਜੀਤ ਕੁਮਾਰ, ਡਾ. ਕਨਿਕਾ ਮਹਾਜਨ, ਅਮਨਪਾਲ ਸਿੰਘ, ਸਰਬਜੀਤ ਕੌਰ ਤੇ ਹੋਰ ਮੌਜੂਦ ਸਨ।

# ਚੀਮਾ ਪਾਰਕ ਫੜੀ ਵਾਲਿਆਂ ਵੱਲੋਂ ਚੌਥਾ ਸਾਲਾਨਾ ਭੰਡਾਰਾ 23 ਜੁਲਾਈ ਨੂੰ




ਸ੍ਰੀ ਅਨੰਦਪੁਰ ਸਾਹਿਬ (ਦਵਿੰਦਰਪਾਲ ਸਿੰਘ): ਸਥਾਨਕ ਚੀਮਾ ਪਾਰਕ ਦੇ ਨਜ਼ਦੀਕ ਫੜੀ ਵਾਲੇ ਵੀਰਾਂ ਵੱਲੋਂ ਚੌਥਾ ਸਲਾਨਾ ਭੰਡਾਰਾ 23 ਜੁਲਾਈ ਨੂੰ ਕਰਵਾਇਆ ਜਾ ਰਿਹਾ ਹੈ ਜਿਸ ਦੇ ਸੰਬੰਧ ਵਿੱਚ ਸਮੂਹ ਫੜੀ ਅਤੇ ਦੁਕਾਨਦਾਰਾਂ ਵਾਲਿਆਂ ਵੱਲੋਂ ਇੱਕ ਅਹਿਮ ਮੀਟਿੰਗ ਕੀਤੀ ਗਈ ਅਤੇ ਵਿੱਚ ਭੰਡਾਰੇ ਦੇ ਪ੍ਰਬੰਧਾਂ ਨੂੰ ਲੈ ਕੇ ਵਿਚਾਰ ਚਰਚਾ ਕੀਤੀ ਗਈ, ਇਸ ਮੌਕੇ ਕੁਝ ਕੁ ਦੁਕਾਨਦਾਰ ਵੀ ਹਾਜ਼ਰ ਸਨ। ਕਰਵਾਏ ਜਾ ਰਹੇ ਭੰਡਾਰੇ ਦੇ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਪੁਰਸ਼ੋਤਮ ਕੁਮਾਰ ਨੇ ਦੱਸਿਆ ਕਿ ਚੀਮਾ ਪਾਰਕ ਨਜਦੀਕ ਸਮੂਹ ਫੜੀ ਵਾਲੇ ਵੀਰਾਂ ਵੱਲੋਂ ਸਾਵਣ ਮਹੀਨੇ ਵਿੱਚ ਸਲਾਨਾ ਭੰਡਾਰਾ ਸਭ ਦੇ ਸਹਿਯੋਗ ਨਾਲ ਕਰਵਾਇਆ ਜਾਂਦਾ ਹੈ ਅਤੇ ਇਸ ਸਾਲ ਸਾਡੇ ਵੱਲੋਂ 23 ਜੁਲਾਈ ਨੂੰ ਚੌਥਾ ਵਿਸ਼ਾਲ ਸਲਾਨਾ ਭੰਡਾਰਾ ਕਰਵਾਇਆ ਜਾ ਰਿਹਾ ਹੈ, ਉਹਨਾਂ ਨੇ ਦੱਸਿਆ ਕਿ ਇਹ ਭੰਡਾਰਾ 12 ਵਜੇ ਤੋਂ ਸ਼ਾਮ ਤੱਕ ਚੱਲੇਗਾ, ਇਸ ਮੌਕੇ ਸ੍ਰੀ ਪਰਸ਼ੋਤਮ ਕੁਮਾਰ ਦੇ ਨਾਲ ਅਰੁਣ ਕੁਮਾਰ,ਹਰਪ੍ਰੀਤ ਸਿੰਘ ਤਲਵਾੜ,ਬੱਬੀ ਚੌਧਰੀ, ਪਾਲਾ ਨਵੀਂ ਅਬਾਦੀ,ਰਿਜਵਾਨ ਖਾਨ, ਮੋਹਸਿਨ ਖਾਨ, ਅਮਨਦੀਪ ਸਿੰਘ ਭੰਗੂ,ਗੁਰਕੀਰਤ ਸਿੰਘ ਭੰਗੂ, ਬੰਟੀ ਮਜਾਰਾ,ਚੰਦਨ ਕੌਸ਼ਲ, ਓਬੇਸ ਖਾਨ,ਰੰਮੀ ਕੁਮਾਰ,ਨੀਰਜ( ਨਿੰਨੀ ),
ਗੋਲੂ, ਕਰਨ, ਸਰਵਣ, ਗੁਰਪਾਲ, ਸੋਨੂ, ਜਗਤਾਰ ਸਿੰਘ, ਪੱਪਣ ਕੁਮਾਰ,ਮਹਿੰਦਰ ਸਿੰਘ, ਵਿਜੇ ਕੁਮਾਰ, ਸ਼ੰਮੀ, ਸੁਰਿੰਦਰ ਸਿੰਘ, ਰਿੰਕੂ, ਰੰਮੀ, ਛਿੰਦੂ, ਗੁਰਨਾਮ ਸਿੰਘ, ਸ਼ਾਮ ਸਿੰਘ, ਚਮਨ ਲਾਲ ਜੀ, ਰੋਸ਼ਨੀ,ਸੋਨੂ, ਇਕਬਾਲ ਸਿੰਘ,ਆਦਿ ਹਾਜ਼ਰ ਸਨ।

# ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਵਿੱਚ ਵਧੀਆ ਸਿਹਤ ਸਹੂਲਤਾਂ ਲਈ ਵੱਡਾ ਹਸਪਤਾਲ ਬਣਾਉਣ ਲਈ ਕੇਂਦਰੀ ਮੰਤਰੀ ਨੱਡਾ ਨਾਲ ਗੱਲ ਕਰਾਂਗੇ- ਲਾਲਪੁਰਾ

ਸ੍ਰੀ ਅਨੰਦਪੁਰ ਸਾਹਿਬ (ਦਵਿੰਦਰਪਾਲ ਸਿੰਘ)
ਘੱਟ ਗਿਣਤੀ ਕਮਿਸ਼ਨ ਦੇ ਕੌਮੀ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਕਿਹਾ ਹੈ ਕਿ ਦਸ਼ਮੇਸ਼ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਇਸ ਧਰਤੀ ਨਾਲ ਹਮੇਸ਼ਾ ਹੀ ਸਿਆਸਤਦਾਨਾਂ ਵਲੋਂ ਵਿਤਕਰਾ ਕੀਤਾ ਜਾਂਦਾ ਰਿਹਾ ਹੈ। ਤੇ ਇਹ ਧਰਤੀ ਸਿਹਤ ਸਹੂਲਤਾਂ ਤੋਂ ਬਹੁਤ ਹੀ ਸੱਖਣੀ ਹੈ।ਇੱਥੇ ਰਾਜ ਕਰਨ ਵਾਲੇ ਹੁਕਮਰਾਨ ਸ੍ਰੀ ਅਨੰਦਪੁਰ ਸਾਹਿਬ ਬਣਨ ਵਾਲਾ ਮੈਡੀਕਲ ਕਾਲਜ ਫਰੀਦਕੋਟ ਲੈ ਗਏ ਸੀ।ਪਰੰਤੂ ਹੁਣ ਭਾਜਪਾ ਦੇ ਕੌਮੀ ਪ੍ਰਧਾਨ ਅਤੇ ਕੇਂਦਰੀ ਸਿਹਤ ਮੰਤਰੀ ਜਗਤ ਪ੍ਰਕਾਸ ਨੱਡਾ ਇਸ ਇਲਾਕੇ ਦੇ ਪਿੰਡ ਨੰਗਲੀ ਨਾਲ ਸਬੰਧਿਤ ਹਨ। ਅਤੇ ਉਹ ਉਨ੍ਹਾਂ ਨੂੰ ਇਸ ਇਲਾਕੇ ਦਾ ਦੌਰਾ ਕਰਵਾ ਕੇ ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਵਿੱਚ ਇੱਕ ਵੱਡਾ ਹਸਪਤਾਲ ਬਣਾਉਣ ਦੀ ਗੱਲ ਕਰਨਗੇ।

ਲਾਲਪੁਰਾ ਨੇੜਲੇ ਪਿੰਡ ਭਗਵਾਲਾ ਉਰਫ ਬਰੋਟਾ ਵਿਖੇ ਸੰਸਥਾ ਇੰਨਸਾਨੀਅਤ ਪਹਿਲਾਂ ਵਲੋਂ ਕੈਂਸਰ ਕੇਅਰ ਸੁਸਾਇਟੀ ਦੇ ਸਹਿਯੋਗ ਨਾਲ ਲਗਵਾਏ ਮੈਗਾ ਕੈਂਪ ਵਿੱਚ ਸਮੂਲੀਅਤ ਕਰਨ ਪਹੁੰਚੇ ਹੋਏ ਸਨ। ਲਾਲਪੁਰਾ ਨੇ ਕਿਹਾ ਕਿ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਸਿੱਖਾਂ ਦੇ ਸਭ ਤੋਂ ਹਰਮਨ ਪਿਆਰੇ ਸ਼ਾਸ਼ਕ ਮਹਾਰਾਜਾ ਰਣਜੀਤ ਸਿੰਘ ਵਾਂਗੂ ਰਾਜ ਕੀਤਾ ਜਾ ਰਿਹਾ ਹੈ। ਜਿਸ ਵਿੱਚ ਹਰੇਕ ਧਰਮ ਦਾ ਸਤਿਕਾਰ ਹੈ।ਭਾਰਤ ਦੇ ਸਾਰੇ ਧਰਮਾਂ ਦੇ ਲੋਕਾਂ ਦੀ ਗਿਣਤੀ ਵਧੀ ਹੈ।ਤੇ ਹਰੇਕ ਵਿਅਕਤੀ ਨੂੰ ਆਪਣੇ ਧਰਮ ਦੀ ਆਜਾਦੀ ਦਿੱਤੀ ਗਈ ਹੈ।ਅਤੇ ਭਾਜਪਾ ਫਿਰਕਿਆਂ ਵਿੱਚ ਵੰਡ ਪਾਉਣ ਦੀ ਰਾਜਨੀਤੀ ਨਹੀ ਕਰਦੀ ਹੈ।

ਲਾਲਪੁਰਾ ਨੇ ਕਿਹਾ ਕਿ ਪੰਜਾਬ ਉਨ੍ਹਾਂ ਦੀ ਪਹਿਲੀ ਤਰਜੀਹ ਹੈ ਤੇ ਅਸੀਂ ਪੰਜਾਬ ਦੇ ਸਾਰੇ ਮਸਲੇ ਹੱਲ ਕਰਨਾ ਚਾਹੁੰਦੇ ਹਾਂ।ਪਰੰਤੂ ਕੁੱਝ ਲੋਕ ਪੰਜਾਬ ਨੂੰ ਸ਼ਾਂਤਮਈ ਨਹੀਂ ਦੇਖਣਾ ਚਾਹੁੰਦੇ ਤੇ ਉਹਨਾ ਦੀ ਰਾਜਨੀਤੀ ਵੀ ਇਸੇ ਗੱਲ ਤੇ ਚੱਲਦੀ ਹੈ।ਉਨ੍ਹਾਂ ਦਾ ਕੰਮ ਹੜਤਾਲਾ ਕਰਨੀਆਂ ਹੈ ਤੇ ਸਾਡਾ ਕੰਮ ਵਿਕਾਸ ਕਰਨਾ ਹੈ। ਤੇ ਮੋਦੀ ਸਰਕਾਰ ਵਲੋਂ ਝੋਨਾਂ, ਕਣਕ ਤੇ ਕਮਾਦ ਤੇ ਐਮ.ਐਸ.ਪੀ. ਦਿੱਤੀ ਜਾ ਚੁੱਕੀ ਹੈ ਤੇ ਹਰੇਕ ਕਿਸ਼ਾਨ ਦੀ ਫਸਲ ਖਰੀਦੀ ਜਾ ਰਹੀ ਹੈ। ਤੇ ਉਹ ਖ਼ੁੱਦ ਵੀ ਕਿਸਾਨ ਹਨ ਤੇ ਕਿਸ਼ਾਨਾਂ ਦੀ ਮੁਸ਼ਕਿਲ ਨੂੰ ਸਮਝਦੇ ਹਨ।

ਇਸ ਮੌਕੇ ਉਹਨਾਂ ਦੀ ਸਪੁੱਤਰੀ ਜੈਸਮੀਨ ਕੌਰ, ਕ੍ਰਿਸ਼ਨ ਕੁਮਾਰ ਅੱਤਰੀ, ਐਡ. ਸਤਵੀਰ ਸਿੰਘ ਰਾਣਾ, ਬੱਬਲੂ ਰਾਣਾ, ਡਾ. ਅਨੁਪਮਾ ਢੰਡ ਵੀ ਹਾਜਰ ਸਨ।




ਸ੍ਰੀ ਕੀਰਤਪੁਰ ਸਾਹਿਬ ਵਿਖੇ ਗੱਲਬਾਤ ਕਰਦੇ ਹੋਏ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਤੇ ਹੋਰ।

ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ । ਸੂਚਨਾਂ, ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜੰਮੇਵਾਰੀ ਨਹੀ ਲੈਂਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ । ਕਿ ਉਹ ਇੰਨਾ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀਕਰ ਲੈਣ।ਰੋਜ਼ਾਨਾਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀ । ਖਬਰਾਂ ਪ੍ਰਤੀ ਜਿੰਮੇਵਾਰੀ ਪੱਤਰਕਾਰ ਦੀ ਹੋਵੇਗੀ ।

Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com

# ਬਰਕਤ ਕੁਟੀਆ ਕਾਲਾਬੂਲਾ ਵਿਖੇ ਗੁਰੂ ਪੂਜਾ ਮੌਕੇ ਵਿਸ਼ਾਲ ਭੰਡਾਰਾਂ ਕਰਵਾਇਆ




ਸ਼ੇਰਪੁਰ, ( ਸੱਤਪਾਲ ਸਿੰਘ ਕਾਲਾਬੂਲਾ ) - ਇਤਿਹਾਸਕ ਸਥਾਨ ਸ੍ਰੀ ਸ੍ਰੀ 1008 ਚਰਨ ਕਮਲ ਪੂਜ ਪਾਦ ਸਰਵ ਉਪਮਾ ਯੋਗ ਬ੍ਰਹਮਜੋਤ ਪ੍ਰਕਾਸ਼ਤਮ ਪੂਜਨੀਕ ਬ੍ਰਹਮਲੀਨ ਸ਼੍ਰੀ ਸੁਤੇ ਸਿੱਧ ਮਹਾਰਾਜ ਜੀ ਵਿਸ਼ਰਾਮ ਆਸ਼ਰਮ ( ਬਰਕਤ ਕੁਟੀਆ)

ਘਨੌਰੀ ਰੋਡ , ਪਿੰਡ ਕਾਲਾਬੂਲਾ ( ਸੰਗਰੂਰ ) ਵਿਖੇ ਗੁਰੂ ਪੂਜਾ ਮੌਕੇ ਸਮੂੰਹ ਸਾਧ ਸੰਗਤ ਅਤੇ ਸ੍ਰੀ ਸ੍ਰੀ 1008 ਸ੍ਰੀ ਸੁਤੇ ਸਿੱਧ ਜੀ ਮਹਾਰਾਜ , ਮਹਾਰਾਜ ਚੈਰੀਟੇਬਲ ਟਰਸਟ ਪਿੰਡ ਕਾਲਾਬੂਲਾ ਵੱਲੋਂ ਵਿਸ਼ਾਲ ਭੰਡਾਰਾਂ ਕਰਵਾਇਆ ਗਿਆ । ਬਰਕਤ ਕੁਟੀਆ ਕਾਲਾਬੂਲਾ ਦੇ ਗੱਦੀ ਨਸ਼ੀਨ ਮਹੰਤ ਸੁਤੇ ਪ੍ਰਕਾਸ਼ ਜੀ ਨੇ ਦੱਸਿਆ ਕਿ ਅਧਿਆਪਕਾਂ ਅਤੇ ਮਾਰਗ ਦਰਸ਼ਕਾਂ ਨੂੰ ਹਮੇਸ਼ਾਂ ਹੀ ਭਾਰਤੀ ਸਭਿਆਚਾਰ ਅਤੇ ਪਰੰਪਰਾਵਾਂ ਵਿੱਚ ਬਹੁਤ ਮਹੱਤਵ ਦਿੱਤਾ ਜਾਂਦਾ ਰਿਹਾ ਹੈ , ਉਨ੍ਹਾਂ ਦੇ ਹੀ ਲਈ, ਭਾਰਤ ਵਿੱਚ ਹਿੰਦੂ ਇੱਕ ਵਿਸ਼ੇਸ਼ ਦਿਨ ਸਮਰਪਿਤ ਕਰਦੇ ਹਨ ਅਤੇ ਅਧਿਆਪਕਾਂ ਜਾਂ ਗੁਰੂਆਂ ਨੂੰ ਸ਼ਰਧਾਂਜਲੀ ਭੇਟ ਕਰਦੇ ਹਨ। ਹਿੰਦੂਆਂ ਦੇ ਅਨੁਸਾਰ, ਗੁਰੂ ਪੂਰਨਮਾ ਦਾ ਸ਼ੁਭ ਅਵਸਰ ਪੂਰਨਮਾਸ਼ੀ ਦੀ ਤਾਰੀਖ (15 ਵੇਂ ਦਿਨ) ਨੂੰ ਅਸ਼ਾੜ ਮਹੀਨੇ ਦੇ ਸ਼ੁਕਲਾ ਪੱਖ (ਚੰਦਰਮਾ ਦੇ ਪੱਕਣ ਦੇ ਪੜਾਅ) ਵਿੱਚ ਮਨਾਇਆ ਜਾਂਦਾ ਹੈ। ਇਸ ਦਿਨ, ਵਿਦਿਆਰਥੀ ਅਤੇ ਚੇਲੇ ਆਪਣੇ ਅਧਿਆਪਕਾਂ ਜਾਂ ਗੁਰੂਆਂ ਦਾ ਸਤਿਕਾਰ ਕਰਦੇ ਹਨ। ਇਸ ਸਾਲ ਇਹ ਦਿਨ ਐਤਵਾਰ 21 ਜੁਲਾਈ ਨੂੰ ਮਨਾਇਆ ਜਾ ਰਿਹਾ ਹੈ। ਜੋ ਲੋਕ ਗੁਰੂ-ਸ਼ਿਸ਼ਯ ਪਰੰਪਰਾ ਨੂੰ ਮੰਨਦੇ ਹਨ ਉਹ ਇਸ ਦਿਨ ਆਪਣੇ ਗੁਰੂਆਂ ਤੋਂ ਅਸ਼ੀਰਵਾਦ ਪ੍ਰਾਪਤ ਕਰਦੇ ਹਨ। ਚੇਲੇ ਆਪਣੇ ਗੁਰੂ ਦੇ ਚਰਨ ਛੋਹਦੇ ਹਨ ਅਤੇ ਮਿਠਾਈਆਂ ਚੜ੍ਹਾਉਂਦੇ ਹਨ। ਕੁੱਝ ਲੋਕ ਆਤਮਿਕ ਗੁਰੂਆਂ ਨੂੰ ਆਪਣੀਆਂ ਸ਼ਰਧਾਂਜਲੀਆਂ ਵੀ ਭੇਟ ਕਰਦੇ ਹਨ। ਧਾਰਮਿਕ ਗ੍ਰੰਥਾਂ ਵਿਚ ਦੱਸਿਆ ਗਿਆ ਹੈ ਕਿ ਕਿਵੇਂ ਗੁਰੂਆਂ ਨੂੰ ਦੇਵਤੇ ਅਤੇ ਇਥੋਂ ਤਕ ਕਿ ਦੇਵਤਿਆਂ ਤੋਂ ਵੀ ਉੱਪਰ ਰੱਖਿਆ ਗਿਆ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਇਕ ਯੋਗ ਗੁਰੂ ਦੀ ਰਹਿਨੁਮਾਈ ਹੇਠ ਕੋਈ ਮਨੁੱਖ ਸੰਸਾਰ ਨੂੰ ਜਿੱਤ ਸਕਦਾ ਹੈ। ਬਹੁਤ ਸਾਰੇ ਲੋਕਾਂ ਦੀ ਰਾਇ ਹੈ ਕਿ ਪ੍ਰਮਾਤਮਾ ਜਾਂ ਪਰਮ ਸ਼ਕਤੀ ਦਾ ਰਸਤਾ ਗੁਰੂ ਦੁਆਰਾ ਦਰਸਾਏ ਮਾਰਗ ਤੇ ਜਾਂਦਾ ਹੈ । ਇਸ ਮੌਕੇ

# ਸ਼੍ਰੀ ਰਾਮ ਚਰਿਤ ਮਾਨਸ ਜੀ ਦੇ ਅਖੰਡ ਪਾਠ 24 ਨੂੰ ਸ਼ੁਰੂ ਅਤੇ 25 ਨੂੰ ਹੋਵੇਗਾ ਭੰਡਾਰੇ ਦਾ ਆਯੋਜਨ-- ਸੁਰੇਸ਼ ਸਿੰਗਲਾ




ਬਰਨਾਲਾ, (ਸੁਖਵਿੰਦਰ ਸਿੰਘ ਭੰਡਾਰੀ) ਗੁਰੂ ਮਹਾਰਾਜ ਜੀ ਦੀ ਅਪਾਰ ਕਿਰਪਾ ਸਦਕਾ ਗੁਰੂ ਪੂਰਨਿਮਾ ਨੂੰ ਸਮਰਪਿਤ ਸ਼੍ਰੀ ਰਾਮ ਚਰਿਤ ਮਾਨਸ ਜੀ ਦੇ ਅਖੰਡ ਪਾਠ ਅਤੇ ਬ੍ਰਹਮਲੀਨ ਸੰਤ 108 ਸ਼੍ਰੀ ਸਾਗਰ ਦਾਸ ਜੀ ਦੀ ਮਿੱਠੀ ਯਾਦ ਨੂੰ ਸਮਰਪਿਤ ਵਿਸ਼ਾਲ ਭੰਡਾਰਾ ਕਰਵਾਇਆ ਜਾ ਰਿਹਾ ਹੈ। ਗੁਰੂ ਮਹਾਰਾਜ ਜੀ ਦੀ ਅਪਾਰ ਕਿਰਪਾ ਨਾਲ ਬ੍ਰਹਮਲੀਨ ਸੰਤ 108 ਸੇਖਾ ਸ਼੍ਰੀ ਸਾਗਰ ਦਾਸ ਜੀ ਦੀ ਯਾਦ ਨੂੰ ਸਮਰਪਿਤ ਕੀਤਾ ਜਾ ਰਿਹਾ ਹੈ। ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਨਿਰਵਾਣ ਕੁਟੀਆ ਦੇ ਸੇਵਾਦਾਰ ਸੁਰੇਸ਼ ਕੁਮਾਰ ਸਿੰਗਲਾ ਕੱਪੜੇ ਵਾਲੇ, ਰਾਜਿੰਦਰ ਬੱਬੀ, ਕੈਲਾਸ਼ ਚੰਦ ਬਾਵਾ, ਰਾਮ ਜੀ ਦਾਸ ਸ਼ਰਮਾ ਅਤੇ ਅੰਮ੍ਰਿਤ ਲਾਲ ਗੋਇਲ ਨੇ ਦੱਸਿਆ ਕਿ ਇਹ ਸਮਾਗਮ ਸੰਤ ਸ਼੍ਰੀ 108 ਸੇਵਾਦਾਸ ਜੀ ਨਿਰਵਾਣ ਕੁਟੀਆ, ਢਾਬ ਵਾਲਾ ਪੁਲ, ਸੇਖਾ ਵਿਖੇ ਕਰਵਾਇਆ ਜਾ ਰਿਹਾ ਹੈ ।

ਸਮੂਹ ਸੰਗਤਾਂ ਦੇ ਸਹਿਯੋਗ ਨਾਲ ਬ੍ਰਹਮਲੀਨ ਸੰਤ 108 ਸ਼੍ਰੀ ਸਾਗਰ ਦਾਸ ਜੀ ਦੀ ਮਿੱਠੀ ਯਾਦ ਨੂੰ ਸਮਰਪਿਤ ਸ਼੍ਰੀ ਰਾਮ ਚਰਿਤ ਮਾਨਸ ਜੀ ਦਾ ਅਖੰਡ ਪਾਠ 24 ਜੁਲਾਈ ਨੂੰ ਸਵੇਰੇ 8 ਵਜੇ ਆਰੰਭ ਹੋਵੇਗਾ ਅਤੇ 25 ਨੂੰ ਵਿਸ਼ਾਲ ਭੰਡਾਰਾ ਸਜਾਇਆ ਜਾਵੇਗਾ । ਮਿਤੀ 25 ਜੁਲਾਈ ਨੂੰ ਭੋਗ ਉਪਰੰਤ ਸਵੇਰੇ 11 ਵਜੇ ਤੋਂ ਪ੍ਰਭੂ ਇੱਛਾ ਤੱਕ ਭੰਡਾਰਾ ਅਤੁੱਟ ਵਰਤੇਗਾ। ਕਵੀਸ਼ਰੀ ਜਥੇ ਦੁਆਰਾ ਆਪਣੀ ਪੇਸ਼ਕਾਰੀ ਅਤੇ ਸੰਕੀਰਤਨ ਸਵੇਰੇ 9 ਵਜੇ ਤੋਂ 11 ਵਜੇ ਤੱਕ ਹੋਵੇਗਾ। ਨਿਰਵਾਣ ਕੁਟੀਆ ਦੇ ਸੇਵਾਦਾਰ ਸੁਰੇਸ਼ ਕੁਮਾਰ ਨੇ ਸ਼ਰਧਾਲੂਆਂ ਨੂੰ ਆਪਣੇ ਪਰਿਵਾਰਾਂ ਸਮੇਤ ਇਸ ਪਵਿੱਤਰ ਰਸਮ ਚ ਪਹੁੰਚਣ ਦਾ ਹਾਰਦਿਕ ਸੱਦਾ ਦਿੱਤਾ ਹੈ।

# ਵਾਤਾਵਰਨ ਦੀ ਸ਼ੁੱਧਤਾ ਲਈ ਲਗਾਏ ਬੂਟੇ - ਗੁਰਜੀਤ ਸਿੰਘ ਖੁੱਡੀ




ਬਰਨਾਲਾ,(ਸੁਖਵਿੰਦਰ ਸਿੰਘ ਭੰਡਾਰੀ) ਹਰੇਕ ਮਨੁੱਖ ਇਕ ਰੁੱਖ ਲਗਾ ਕੇ ਪਾਲੇ ਤਾਂ ਜੋ ਵੱਧ ਰਹੀ ਤਪਸ਼ ਅਤੇ ਵੱਧ ਰਹੇ ਪ੍ਰਦੂਸ਼ਣ ਕਾਰਨ ਪੈਦਾ ਹੁੰਦੀਆਂ ਬਿਮਾਰੀਆਂ ਤੋਂ ਰਾਹਤ ਮਿਲ ਸਕੇ। ਇਸੇ ਮੁਹਿੰਮ ਤਹਿਤ ਸੰਵਿਧਾਨ ਦੇ ਰਾਖੇ ਸੰਸਥਾ ਪੰਜਾਬ ਦੇ ਮੁੱਖੀ ਗੁਰਜੀਤ ਸਿੰਘ ਖੁੱਡੀ ਦੀ ਅਗਵਾਈ ਵਿੱਚ ਹੰਡਿਆਇਆ, ਕੋਠੇ ਸਰਾ ,ਬੀਕਾ ਸੂਚ ਪੱਤੀ ,ਪੱਤੀ ਸੋਹਲ, ਬਰਨਾਲਾ ਦਿਹਾਤੀ ਅਤੇ ਹਮੀਦੀ ਵਿਖੇ ਫ਼ਲਦਾਰ, ਫੁੱਲਦਾਰ ਬੂਟੇ ਲਗਾਏ ਗਏ। ਉਨ੍ਹਾਂ ਕਿਹਾ ਕਿ ਜਿਨ੍ਹਾਂ ਜ਼ਰੂਰੀ ਰੁੱਖ ਲਗਾਉਣਾ ਹੈ, ਉਸ ਤੋਂ ਵੱਧ ਉਨ੍ਹਾ ਦੀ ਸੰਭਾਲ ਕਰਨੀ ਵੀ ਜ਼ਰੂਰੀ ਹੁੰਦੀ ਹੈ। ਸਾਨੂੰ ਰੁੱਖ ਲਗਾਉਣ ਲਈ ਵਾਸੀਆਂ ਨੂੰ ਜਾਗਰੂਕ ਕਰਨਾ ਚਾਹੀਦਾ ਹੈ ਕਿਉਂਕਿ ਹੁਣ ਬਰਸਾਤ ਦੇ ਮੌਸਮ ਵਿਚ ਬੂਟੇ ਜਲਦੀ ਚੱਲ ਪੈਂਦੇ ਹਨ। ਇਸ ਮੌਕੇ ਵੱਖ ਵੱਖ ਥਾਵਾਂ ਤੇ ਸੰਸਥਾਂ ਦੇ ਆਹੁਦੇਦਾਰ ਐਡਵੋਕੇਟ ਕੁਲਵੰਤ ਸਿੰਘ ਧਿੰਗੜ, ਡਾ ਕੁਲਦੀਪ ਸਿੰਘ, ਮਲਕੀਤ ਸਿੰਘ ਧਨੌਲਾ, ਗੁਰਵਿੰਦਰ ਪਾਲ ਸਿੰਘ ਆਦਿ ਸ਼ਾਮਲ ਸਨ।

# ਧੱਕੇਸ਼ਾਹੀ ਅਤੇ ਮਾੜੇ ਸਿਸਟਮ ਦੇ ਖਿਲਾਫ ਬੇਵਾਕ ਹੋ ਕੇ ਲਿਖਣ ਵਾਲੇ ਇੱਕ ਨਿੱਡਰ ਯੋਧੇ ਸਨ ਜਸਪਾਲ ਹੇਰਾਂ: ਸੰਤ ਕਲੇਰਾਂ

## ਸੰਤ ਸਮਾਜ ਨੇ ਸ: ਜਸਪਾਲ ਸਿੰਘ ਹੇਰਾਂ ਦੇ ਅਕਾਲ ਚਲਾਣੇ ਤੇ ਦੁੱਖ ਦਾ ਪ੍ਰਗਟਾਇਆ




ਸ਼ੇਰਪੁਰ (ਸੱਤਪਾਲ ਸਿੰਘ ਕਾਲਾਬੂਲਾ) ਸਿੱਖ ਪੰਥ ਦੇ ਉੱਘੇ ਪ੍ਰਚਾਰਕ ਸੰਤ ਬਾਬਾ ਜਗਜੀਤ ਸਿੰਘ ਭੋਰਾ ਸਾਹਿਬ ਕਲੇਰਾਂ ਵਾਲਿਆ ਨੇ ਕਲਮ ਦੇ ਧਨੀ ਹੱਕ ਸੱਚ ਦੇ ਪਹਿਰੇਦਾਰ ਸ: ਜਸਪਾਲ ਸਿੰਘ ਹੇਰਾਂ ਦੇ ਅਕਾਲ ਚਲਾਣੇ ਕਰ ਜਾਣ ਉਪਰ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਹੈ ਕਿ ਰੋਜਾਨਾ ਪਹਿਰੇਦਾਰ ਅਖਬਾਰ ਦੇ ਮੁੱਖ ਸੰਪਾਦਕ ਸਰਦਾਰ ਹੇਰਾਂ ਸਾਹਿਬ ਪਿਛਲੇ ਲੰਮੇ ਸਮੇਂ ਤੋਂ ਦੱਬੇ ਕੁਚਲੇ ਲੋਕਾਂ, ਕਿਸਾਨ ਸੰਘਰਸਾਂ, ਸਿੱਖ ਧਰਮ ਵਿੱਚ ਆ ਰਹੀ ਗਿਰਾਵਟ ਤੋਂ ਇਲਾਵਾ ਉਹਨਾਂ ਆਪਣੇ ਕਲਮ ਦੇ ਜ਼ਰੀਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਅਤੇ ਹੋਰ ਭੱਖਦੇ ਮਸਲੇ ਲੋਕ ਕਚਹਿਰੀ ਵਿੱਚ ਪੇਸ਼ ਕਰਨ ਦਾ ਵੱਡਾ ਜਿਗਰਾ ਰੱਖਦੇ ਸਨ। ਉਹਨਾਂ ਦੱਸਿਆ ਕਿ ਇੱਕ ਛੋਟੇ ਜਿਹੇ ਕਸਬੇ ਤੋਂ ਪੱਤਰਕਾਰੀ ਦੇ ਖੇਤਰ ਵਿੱਚ ਵੱਡਾ ਨਾਮਣਾ ਖਟਦੇ ਹੋਏ ਇੱਕ ਅਖਬਾਰ ਚਲਾ ਕੇ ਸਮਾਜ ਨੂੰ ਚੰਗੀ ਸੇਧ ਦੇਣ ਦਾ ਨਿਗਰ ਉਪਰਾਲਾ ਕਰ ਰਹੇ ਸਨ। ਇੱਥੇ ਹੀ ਬੱਸ ਨਹੀਂ ਉਹਨਾਂ ਨੇ ਸਿੱਖੀ ਨੂੰ ਪ੍ਰਫੁਲਤ ਕਰਨ ਦਾ ਵੀ ਵੱਡਾ ਬੀੜਾ ਚੁੱਕਿਆ ਹੋਇਆ ਸੀ। ਜਿਸ ਦੇ ਪਹਿਰੇਦਾਰ ਅਖਬਾਰ ਵਿੱਚ ਵੱਡੇ ਵੱਡੇ ਛਪੇ ਆਰਟੀਕਲ ਮੂੰਹ ਬੋਲਦੀ ਤਸਵੀਰ ਹਨ।

ਸਰਦਾਰ ਜਸਪਾਲ ਸਿੰਘ ਹੇਰਾਂ ਹੁਰਾਂ ਦੇ ਇਸ ਜਹਾਨ ਤੋਂ ਤੁਰ ਜਾਣ ਨਾਲ ਸਮੁੱਚੇ ਸਮਾਜ ਅਤੇ ਖਾਸ ਕਰ ਪੱਤਰਕਾਰ ਪੱਤਰਕਾਰਤਾ ਨੂੰ ਵੱਡਾ ਘਾਟਾ ਪਿਆ ਹੈ। ਇਸ ਮੌਕੇ ਸੰਤ ਬਾਬਾ ਰਾਜਵਰਿੰਦਰ ਸਿੰਘ ਟਿੱਬੇ ਵਾਲੇ, ਸੰਤ ਬਾਬਾ ਮਨਪ੍ਰੀਤ ਸਿੰਘ ਅਲੀਪੁਰ ਖਾਲਸਾ, ਬਾਬਾ ਪੂਰਨ ਸਿੰਘ ਪੰਜਗਰਾਈਆਂ, ਬਾਬਾ ਮਨਦੀਪ ਸਿੰਘ ਟਿੱਬੇ ਵਾਲੇ, ਗੁਰਦੁਆਰਾ ਨੌਵੀਂ ਪਾਤਸ਼ਾਹੀ ਦੇ ਹੈਡ ਗ੍ਰੰਥੀ ਬਾਬਾ ਪਿਰਤਪਾਲ ਸਿੰਘ, ਬਾਬਾ ਗੁਰਨੈਬ ਸਿੰਘ ਕਾਲੇਕੇ ਆਦਿ ਸ਼ਖਸ਼ੀਅਤਾਂ ਤੋਂ ਇਲਾਵਾ ਸਮੁੱਚੇ ਸੰਤ ਸਮਾਜ ਨੇ ਹੇਰ ਸਾਹਿਬ ਅਕਾਲ ਚਲਾਣੇ ਕਰ ਜਾਣ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ।

# ਗੁਰੂ ਪੂਰਨਿਮਾ ਤੇ ਕਾਨਪੁਰ ਦੇ ਗੰਗਾ ਘਾਟਾਂ ਤੇ ਸ਼ਰਧਾਲੂਆਂ ਦੀ ਭੀੜ ਇਕੱਠੀ ਹੋਈ

## ਗੁਰੂ ਦਾ ਸਿਮਰਨ ਕਰਨ ਅਤੇ ਗੰਗਾ ਵਿੱਚ ਇਸ਼ਨਾਨ ਕਰਨ ਤੋਂ ਬਾਅਦ ਪੂਜਾ ਕਰੋ




ਕਾਨਪੁਰ (ਸੁਨੀਲ ਬਾਜਪਾਈ) ਅੱਜ ਐਤਵਾਰ ਨੂੰ ਗੁਰੂ ਪੂਰਨਿਮਾ ਦੇ ਮੌਕੇ ਤੇ ਪਰਮਾਤਮਾ ਅਤੇ ਬਿਠੂਰ ਗੰਗਾ ਘਾਟ ਤੇ ਸ਼ਰਧਾਲੂਆਂ ਦੀ ਭੀੜ ਇਕੱਠੀ ਹੋਈ। ਭਗਤੀ: ਸਵੇਰ ਤੋਂ ਹੀ ਵੱਡੀ ਗਿਣਤੀ ਚ ਸੰਗਤਾਂ ਗੰਗਾ ਘਾਟ ਤੇ ਪੁੱਜੀਆਂ ਅਤੇ ਗੰਗਾ ਚ ਇਸ਼ਨਾਨ ਕਰਨ ਦੇ ਨਾਲ-ਨਾਲ ਆਪਣੇ ਗੁਰੂ ਦਾ ਸਿਮਰਨ ਕੀਤਾ ਅਤੇ ਅਰਦਾਸ ਕੀਤੀ ।

ਇਸ ਦੌਰਾਨ ਗੰਗਾ ਘਾਟਾਂ ਤੇ ਸੁਰੱਖਿਆ ਦੇ ਪੁਖਤਾ ਇੰਤਜ਼ਾਮ ਕੀਤੇ ਗਏ। ਪੁਲੀਸ ਮੁਲਾਜ਼ਮਾਂ ਤੋਂ ਇਲਾਵਾ ਇੱਥੇ ਗੋਤਾਖੋਰ ਵੀ ਤਾਇਨਾਤ ਸਨ।

ਇਸ ਦੇ ਨਾਲ ਹੀ ਲੋਕਾਂ ਦੀ ਸਹੂਲਤ ਲਈ ਗੰਗਾ ਘਾਟ ਤੇ ਚੇਂਜਿੰਗ ਰੂਮ ਵੀ ਬਣਾਏ ਗਏ ਹਨ। ਇਸ਼ਨਾਨ ਕਰਦੇ ਸਮੇਂ ਕੋਈ ਵੀ ਗੰਗਾ ਵਿੱਚ ਨਹੀਂ ਡੁੱਬਣਾ ਚਾਹੀਦਾ। ਇਸ ਦੇ ਲਈ ਡੂੰਘੇ ਪਾਣੀ ਦੇ ਅੱਗੇ ਬਾਂਸ ਦੇ ਖੰਭੇ ਲਗਾਏ ਗਏ ਸਨ।

ਅੱਜ ਗੁਰੂ ਪੂਰਨਿਮਾ ਦੇ ਤਿਉਹਾਰ ਮੌਕੇ ਸ਼ਿਵਲੀ ਦੇ ਸ਼ੋਭਨ ਮੰਦਰ ਵਿਖੇ ਸ਼ਰਧਾਲੂਆਂ ਦੀ ਭੀੜ ਲੱਗ ਗਈ।

ਤੁਹਾਨੂੰ ਦੱਸ ਦੇਈਏ ਕਿ ਸ਼ੋਭਨ ਆਸ਼ਰਮ ਦਾ ਨੀਂਹ ਪੱਥਰ ਰੱਖਣ ਵਾਲੇ ਬ੍ਰਹਮਲੀਨ ਮਹਾਰਾਜ ਰਘੁਨੰਦਨ ਦਾਸ ਜੀ ਮਹਾਰਾਜ ਅਤੇ ਸ਼ੋਭਨ ਨੂੰ ਵਿਕਸਿਤ ਕਰਨ ਵਾਲੇ ਬ੍ਰਹਮਲੀਨ ਵਿਰਕਤਾਨੰਦ ਜੀ ਮਹਾਰਾਜ ਦੇ ਨਾ ਸਿਰਫ ਰਾਜ ਵਿੱਚ ਬਲਕਿ ਪੂਰੇ ਦੇਸ਼ ਵਿੱਚ ਬਹੁਤ ਸਾਰੇ ਸ਼ਰਧਾਲੂ ਹਨ।

ਅੱਜ ਐਤਵਾਰ ਨੂੰ ਗੁਰੂ ਪੂਰਨਿਮਾ ਤੇ ਸਾਵਣ ਦੇ ਪਹਿਲੇ ਸੋਮਵਾਰ ਨੂੰ ਗੰਗਾ ਅਸਥਾਨ ਤੇ ਜਾਣ ਵਾਲੀ ਭੀੜ ਦੇ ਮੱਦੇਨਜ਼ਰ ਗੰਗਾ ਘਾਟ ਨੂੰ ਜਾਣ ਵਾਲੇ ਰਸਤੇ ਤੇ ਵੀ ਟ੍ਰੈਫਿਕ ਡਾਇਵਰਸ਼ਨ ਕੀਤਾ ਗਿਆ ਹੈ । ਜੋ ਕਿ ਅੱਜ ਸੋਮਵਾਰ ਨੂੰ ਵੀ ਲਾਗੂ ਹੋਵੇਗਾ।

# ਯਾਦਗਾਰੀ ਹੋ ਨਿੱਬੜੀ ਸਾਹਿਤਕ ਸੱਥ ਖਰੜ ਮਾਸਿਕ ਇਕੱਤਰਤਾ, ਉੱਘੇ ਸ਼ਾਇਰ ਨਵਾਬ ਫੈਸਲ ਖਾਨ ਨੇ ਰੱਖੇ .ਗਜ਼ਲ ਤੇ ਵਿਚਾਰ।




ਸ੍ਰੀ ਅਨੰਦਪੁਰ ਸਾਹਿਬ, (ਦਵਿੰਦਰਪਾਲ ਸਿੰਘ): ਪੰਜਾਬੀ ਗਜ਼ਲ ਦੇ ਤਕਨੀਕੀ ਪੱਖ ਨੂੰ ਸਮਝਣ ਲਈ ਸਾਹਿਤਕ ਸੱਥ ਖਰੜ ਵੱਲੋਂ ਇੱਕ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਆਸ ਪਾਸ ਦੇ ਇਲਾਕਿਆਂ ਦੇ .ਗਜ਼ਲਗੋ ,ਸਹਿਤਕਾਰ ਤੇ ਗਜ਼ਲ ਲਿਖਣ ਦੇ ਇੱਛਕ ਸਿਖਿਆਰਥੀ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਇਸ ਸਮਾਗਮ ਵਿੱਚ ਇਲਾਕੇ ਦੇ ਉੱਘੇ ਲੇਖਕ ਸ਼ਾਇਰ ਤੇ ਸਮੀਖਿਅਕ ਨਵਾਬ ਫੈਸਲ ਖਾਨ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ ਤੇ ਪੰਜਾਬੀ .ਗਜ਼ਲ, ਉਸ ਦੇ ਤਕਨੀਕੀ ਪੱਖ, ਰਵਾਇਤੀ ਤੇ ਸਮਕਾਲੀ .ਗਜ਼ਲ ਦੇ ਵਿਸ਼ਿਆਂ ਤੇ .ਗਜ਼ਲ ਦੇ ਹੋਰ ਪੱਖਾਂ ਬਾਰੇ ਲੰਮੀ ਚਰਚਾ ਕੀਤੀ । ਨਵਾਬ ਨੇ ਜਿੱਥੇ .ਗਜ਼ਲ ਦੇ ਤਕਨੀਕੀ ਪੱਖਾਂ ਬਾਰੇ ਗੱਲ ਕੀਤੀ ਉੱਥੇ ਹੀ ਸਮਕਾਲੀ .ਗਜ਼ਲ ਦੇ ਵੱਖ ਵੱਖ ਪਹਿਲੂਆਂ ਤੇ ਖੁੱਲੀ ਚਰਚਾ ਕੀਤੀ। ਨਵਾਬ ਨੇ ਕਿਹਾ ਕਿ ਮੌਜੂਦਾ ਦੌਰ ਵਿੱਚ .ਗਜ਼ਲ ਵੱਡੇ ਪੱਧਰ ਤੇ ਰਚੀ ਜਾ ਰਹੀ ਹੈ ਮਗਰ ਕਈ ਨਵੇਂ ਸਿਖਿਆਰਥੀ .ਗਜ਼ਲ ਤਕਨੀਕ ਨੂੰ ਸਮਝੇ ਬਿਨਾਂ ਊਲ ਜਲੂਲ ਤੇ ਬੇਸਿਰ ਪੈਰ ਦੀ ਰਚਨਾ ਨੂੰ ਗਜ਼ਲ ਦੇ ਨਾਮ ਹੇਠ ਛਾਪ ਰਹੇ ਹਨ ਜੋ ਕਿ ਬਹੁਤ ਗਲਤ ਹੈ। .ਗਜ਼ਲ ਨੂੰ ਲਿਖਣ ਲਈ ਉਸਦੇ ਤਕਨੀਕੀ ਪੱਖ ਨੂੰ ਸਮਝਣਾ ਬਹੁਤ ਜ਼ਰੂਰੀ ਹੈ । ਇਸੇ ਲਈ .ਗਜ਼ਲ ਵਿਚ ਉਸਤਾਦ ਸ਼ਗਿਰਦ ਦੀ ਪਰੰਪਰਾ ਮੁੱਢੋਂ ਚੱਲੀ ਆ ਰਹੀ ਹੈ। ਨਵਾਬ ਨੇ ਤਕਨੀਕੀ ਨੁਕਤਿਆਂ ਦੇ ਨਾਲ ਨਾਲ ਚੰਗੀ .ਗਜ਼ਲ ਦੇ ਗੁਣ ਵੀ ਦੱਸੇ। ਇਸ ਤੋਂ ਇਲਾਵਾ ਇਸ ਸਮਾਗਮ ਵਿੱਚ ਹਾਜ਼ਰ ਕਵੀਆਂ ਦਾ ਸ਼ਾਨਦਾਰ ਕਵੀ ਦਰਬਾਰ ਹੋਇਆ। ਜਿਸ ਵਿੱਚ ਕਈ ਨਵੇਂ ਪੁਰਾਣੇ ਕਵੀਆਂ ਨੇ ਆਪਣੀ ਹਾਜ਼ਰੀ ਭਰੀ। ਸਮਾਗਮ ਦੇ ਅਖੀਰ ਵਿੱਚ ਨਵਾਬ ਫੈਸਲ ਖਾਨ ਦਾ ਸਾਹਿਤਕ ਸੱਥ ਖਰੜ ਵੱਲੋਂ ਸਨਮਾਨ ਕੀਤਾ ਗਿਆ। ਨਵਾਬ ਫੈਸਲ ਖਾਨ ਨੇ ਸੱਥ ਦੇ ਜਨਰਲ ਸਕੱਤਰ ਪਿਆਰਾ ਸਿੰਘ ਰਾਹੀ ਅਤੇ ਪ੍ਰਧਾਨ ਜਸਵਿੰਦਰ ਸਿੰਘ ਕਾਈਨੌਰ ਦਾ ਧੰਨਵਾਦ ਕੀਤਾ।

# ਜ਼ਿਲ੍ਹੇ ਵਿੱਚ ਪੋਦਾ ਰੋਪਣ ਮੁਹਿੰਮ ਵਿੱਚ ਹਿੱਸਾ ਪਾਉਂਦਿਆਂ ਸਲੋਹ ਦੇ ਨੌਜਵਾਨਾ ਨੇ ਲਗਾਏ 50 ਬੂਟੇ

## ਰੁੱਖ ਕੁੱਖ ਤੇ ਪਾਣੀ ਨਾ ਸਾਂਭੇ ਤਾਂ ਖਤਮ ਕਹਾਣੀ : ਸਰਬਜੀਤ ਕੈਰੇ।




ਨਵਾਂਸ਼ਹਿਰ (ਰਮੇਸ਼ ਸ਼ਰਮਾ/ਮਨਪ੍ਰੀਤ ਵਾਸੂ) ਡਿਪਟੀ ਕਮਿਸ਼ਨਰ ਸ਼ਹੀਦ ਭਗਤ ਸਿੰਘ ਨਗਰ ਨਵਜੋਤ ਪਾਲ ਸਿੰਘ ਰੰਧਾਵਾ ਜੀ ਦੇ ਦਿਸ਼ਾ ਨਿਰਦੇਸ਼ਾ ਤਹਿਤ ਅਤੇ ਸਿਵਲ ਸਰਜਨ ਸ਼ਹੀਦ ਭਗਤ ਸਿੰਘ ਨਗਰ ਜੀ ਦੀਆ ਹਿਦਾਇਤਾਂ ਅਨੁਸਾਰ ਅੱਜ ਮਾਸ ਮੀਡੀਆ ਵਿੰਗ ਤੋਂ ਪ੍ਰੇਰਿਤ ਹੋ ਕੇ ਪਿੰਡ ਸਲੋਹ ਦੇ ਨੌਜਵਾਨਾ ਸਰਬਜੀਤ ਕੈਰੇ, ਵਿੱਕੀ, ਮੋਹਿਤ ਦੀ ਟੀਮ ਵਲੋਂ ਪਿੰਡ ਸਲੋਹ ਦੇ ਵਿੱਚ ,ਬੇਗਮਪੁਰ ਤੋਂ ਸਲੋਹ ਰੋਡ,ਮਾਡਲ ਟਾਊਨ ਆਸ ਪਾਸ ਡੇਕ,ਅਮਰੂਦ,ਜਾਮਣ ,ਸਰਸ,ਅੰਬ,ਨਿੰਮ,ਸਰੀਹ ਛਾਂ ਦਾਰ, ਫਲਾਂ ਤੇ ਫੁੱਲਦਾਰ 50 ਬੂਟੇ ਲਗਾਏ ਗਏ । ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਸਮੂਹ ਸਿੱਖਿਆ ਤੇ ਸੂਚਨਾ ਅਫ਼ਸਰ ਤਰਸੇਮ ਲਾਲ ਨੇ ਜਾਗਰੂਕ ਕਰਦਿਆਂ ਕਿਹਾ ਕਿ ਸਾਨੂੰ ਆਪਣੇ ਪਰਿਵਾਰਕ ਮੈਂਬਰਾਂ, ਆਂਢ-ਗੁਆਂਢ, ਰਿਸ਼ਤੇਦਾਰਾਂ ਅਤੇ ਗਲੀ-ਮੁਹੱਲੇ ਦੇ ਵੀਰਾਂ ਤੇ ਭੈਣਾਂ ਨੂੰ ਇੱਕ-ਇੱਕ ਪੌਦਾ ਜ਼ਰੂਰ ਲਗਾਉਣਾ ਚਾਹੀਦਾ ਹੈ । ਇੱਕ ਰੁੱਖ ਸੌ ਸੁੱਖ ਦੀ ਸੱਚਾਈ ਦੇ ਨਾਲ ਉਹਨਾਂ ਨੇ ਕਿਹਾ ਕਿ ਰੁੱਖ ਸਾਡੇ ਜਨਮ ਤੋਂ ਮੌਤ ਤੱਕ ਸਾਡਾ ਸਾਥ ਨਿਭਾਉਂਦੇ ਹਨ ਸੋ ਜੇ ਅਸੀਂ ਚਾਹੁੰਦੇ ਹਾਂ ਕਿ ਸਾਨੂੰ ਆਉਣ ਵਾਲੇ ਸਮੇਂ ਵਿੱਚ ਪਾਣੀ ਦੀ ਬੋਤਲ ਦੇ ਨਾਲ ਨਾਲ ਆਕਸੀਜਨ ਸਿਲੰਡਰ ਨਾਂ ਚੁਕਣਾ ਪਵੇ ਤਾਂ ਸਾਨੂੰ ਹੁਣ ਤੋਂ ਹੀ ਵੱਧ ਤੋਂ ਵੱਧ ਬੂਟੇ ਲਗਾਉਣੇ ਚਾਹੀਦੇ ਹਨ। ਇਸ ਦੇ ਨਾਲ ਹੀ ਉਨ੍ਹਾਂ ਨੇ ਪਲਾਸਟਿਕ ਜਾਂ ਪਲਾਸਟਿਕ ਤੋਂ ਬਣੇ ਪਦਾਰਥਾਂ ਦੀ ਵਰਤੋਂ ਨੂੰ ਵੀ ਘੱਟ ਤੋਂ ਘੱਟ ਕਰਨਾ , ਕਣਕ ਜਾਂ ਪਰਾਲ਼ੀ ਦੇ ਨਾੜ ਨੂੰ ਅੱਗ ਲਾਉਣਾ ਬੰਦ ਕਰਨਾ, ਹਵਾ ਪਾਣੀ ਮਿੱਟੀ, ਦੀ ਸੰਭਾਲ਼ ਕਰਨਾ ਅਤੇ ਔਰਗੈਨਿਕ ਅਤੇ ਜੈਵਿਕ ਖਾਦਾਂ ਨੂੰ ਵਰਤੋਂ ਵਿੱਚ ਲਿਆਉਣ ਨੂੰ ਯਕੀਨੀ ਬਣਾਉਣ ਸਬੰਧੀ ਅਪੀਲ ਕੀਤੀ। ਇਸ ਦੇ ਨਾਲ ਹੀ ਉਨ੍ਹਾਂ ਨੇ ਬਰਸਾਤੀ ਮੌਸਮ ਵਿਚ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਸਬੰਧੀ ਸਿਹਤ ਸਿੱਖਿਆ ਦਿੱਤੀ ਜਿਸ ਵਿੱਚ ਉਨ੍ਹਾਂ ਨੇ ਹੱਥ ਧੋਣ ਦੇ ਪੰਜ ਟਿੱਪਸ ਦਿੱਤੇ। ਉਨ੍ਹਾਂ ਨੇ ਕਿਹਾ ਕਿ ਹੱਥਾਂ ਨੂੰ ਰੱਖੋਂ ਸਾਫ਼ ਤੇ ਰੋਗ ਹੋਣਗੇ ਮੁਆਫ਼ ਸਬੰਧੀ ਵਿਸਥਾਰ ਪੂਰਵਕ ਸਿਹਤ ਸਿੱਖਿਆ ਦਿੱਤੀ। ਇਸ ਮੌਕੇ ਸਰਬਜੀਤ ਕੈਰੇ ਦੇ ਪਰਿਵਾਰਿਕ ਮੈਂਬਰਾਂ,ਵਿੱਕੀ, ਮੋਹਿਤ ਅਤੇ ਉਹਨਾਂ ਦੇ ਦੋਸਤਾਂ ਤੇ ਖਿਡਾਰੀਆਂ ਵਲੋਂ ਸਪੂਰਨ ਸਹਿਯੋਗ ਦਿੱਤਾ ਗਿਆ।

# ਜੈ ਮਲਾਪ ਲੈਬਾਰਟਰੀ ਐਸੋਸੀਏਸ਼ਨ ਵੱਲੋਂ ਵਿਸ਼ਾਲ ਖ਼ੂਨਦਾਨ ਕੈਂਪ ਭਲਕੇ




ਬਰਨਾਲਾ, (ਸੁਖਵਿੰਦਰ ਸਿੰਘ ਭੰਡਾਰੀ) ਜੈ ਮਲਾਪ ਲੈਬਾਰਟਰੀ ਐਸੋਸੀਏਸ਼ਨ ਬਰਨਾਲਾ ਵੱਲੋਂ ਮੈਗਾ ਖ਼ੂਨਦਾਨ ਕੈਂਪ ਭਲਕੇ ਮਿਤੀ 23 ਜੁਲਾਈ ਨੂੰ ਸਵੇਰੇ 9 ਵਜੇ ਤੋਂ ਬਾਅਦ ਦੁਪਹਿਰ 3 ਵਜੇ ਤੱਕ ਸਰਕਾਰੀ ਹਸਪਤਾਲ ਬਰਨਾਲਾ ਦੀ ਤੀਜੀ ਮੰਜ਼ਿਲ ਤੇ ਸਥਿਤ ਬਲੱਡ ਬੈਂਕ ਵਿਖੇ ਲਗਾਇਆ ਜਾ ਰਿਹਾ ਹੈ। ਪ੍ਰੈਸ ਨੂੰ ਉਕਤ ਜਾਣਕਾਰੀ ਦਿੰਦਿਆਂ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਪ੍ਰੇਮ ਚੰਦ ਸਿੰਗਲਾ ਅਤੇ ਜ਼ਿਲ੍ਹਾ ਚੇਅਰਮੈਨ ਕੁਲਭੂਸ਼ਨ ਗੁਪਤਾ ਨੇ ਖ਼ੂਨਦਾਨੀ ਨੌਜਵਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਲੋੜਵੰਦ ਲੋਕਾਂ ਲਈ ਖ਼ੂਨ ਦਾਨ ਕਰਨ ਲਈ ਪਹੁੰਚਣ ਦੀ ਕ੍ਰਿਪਾਲਤਾ ਕਰਨ। ਇਸ ਮੌਕੇ ਹਰ ਖ਼ੂਨਦਾਨ ਕਰਨ ਵਾਲੇ ਡੋਨਰ ਦਾ ਸਨਮਾਨ ਵੀ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਹ ਖ਼ੂਨਦਾਨ ਕੈਂਪ ਪੰਜਾਬ ਦੇ ਸਾਰੇ ਜ਼ਿਲ੍ਹਾ ਪੱਧਰਾਂ ਤੇ ਲਗਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਖ਼ੂਨ ਦਾਨ ਕਰਕੇ ਹੀ ਲੋੜਵੰਦ ਵਿਅਕਤੀ ਦੀ ਜਾਨ ਬਚਾਈ ਜਾ ਸਕਦੀ ਹੈ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਪ੍ਰੇਮ ਚੰਦ ਸਿੰਗਲਾ, ਜ਼ਿਲ੍ਹਾ ਚੇਅਰਮੈਨ ਕੁਲਭੂਸ਼ਨ ਗੁਪਤਾ, ਨਿਸ਼ਚਲ ਕੁਮਾਰ ਸੋਨੀ, ਗੁਰਦੀਪ ਸਿੰਘ, ਵਿਜੈ ਸਿੰਗਲਾ, ਰਮੇਸ਼ ਕੁਮਾਰ ਆਦਿ ਹਾਜ਼ਰ ਹੋਏ ।

# ਸਬ ਡਵੀਜ਼ਨ ਖਰੜ ਤਹਿਤ ਪਿੰਡਾਂ ਤੇ ਸ਼ਹਿਰੀ ਖੇਤਰ ਵਿਚ ਪੌਦੇ ਲਗਾਉਣ ਲਈ ਵਿਭਾਗਾਂ ਦੇ ਮੁੱਖੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ: ਗੁਰਮੰਦਰ ਸਿੰਘ



ਖਰੜ, (ਕਾਲਾ ਸਿੰਘ ਸੈਣੀ ):-ਸਬ ਡਵੀਜ਼ਨ ਖਰੜ ਦੇ ਪਿੰਡਾਂ ਅਤੇ ਸ਼ਹਿਰਾਂ ਵਿਚ ਵਾਤਵਰਣ ਦੀ ਸ਼ੁੱਧਤਾਂ ਲਈ ਪੌਦੇ ਲਗਾਉਣ ਲਈ ਕੀਤੇ ਜਾ ਰਹੇ ਪ੍ਰਬੰਧਾਂ ਨੂੰ ਲੈ ਕੇ ਵੱਖ-ਵੱਖ ਵਿਭਾਗਾਂ ਅਤੇ ਸਮਾਜ ਸੇਵੀ ਸੰਸਥਾਵਾਂ ਦੀ ਹੋਈ ਮੀਟਿੰਗ ਦੀ ਪ੍ਰਧਾਨਗੀ ਉਪ ਮੰਡਲ ਮੈਜਿਸਟ੍ਰੇਟ ਖਰੜ ਗੁਰਮੰਦਰ ਸਿੰਘ ਨੇ ਕੀਤੀ। ਉਨਾਂ ਕਿਹਾ ਕਿ ਪਿੰਡਾਂ ਵਿਚ ਬੀ.ਡੀ.ਪੀ.ਓ. ਖਰੜ, ਬੀ.ਡੀ.ਪੀ.ਓ.ਮਾਜਰੀ ਅਤੇ ਸ਼ਹਿਰੀ ਖੇਤਰ ਲਈ ਨਗਰ ਕੌਂਸਲ ਖਰੜ, ਕੁਰਾਲੀ, ਨਵਾਂ ਗਾਓ ਦੇ ਕਾਰਜ ਸਾਧਕ ਅਫਸਰਾਂ ਵਲੋ ਆਪਣੇ ਖੇਤਰਾਂ ਵਿਚ ਪੌਦੇ ਲਗਾਉਣਗੇ ਅਤੇ ਉਹ ਲੋਕਾਂ ਨੂੰ ਵੀ ਹੋਰ ਪੌਦੇ ਲਗਾਉਣ ਲਈ ਉਤਸਾਹਿਤ ਕਰਨਗੇ। ਉਨਾਂ ਬੀ.ਡੀ.ਪੀ.ਓ. ਨੂੰ ਵੀ ਹਦਾਇਤਾਂ ਜਾਰੀ ਕੀਤੀਆਂ ਕਿ ਉਹ ਪੰਚਾਇਤੀ ਜ਼ਮੀਨਾਂ ਦੀ ਭਾਲ ਕੀਤੀ ਜਾਵੇ ਜਿਨਾਂ ਨੂੰ ਠੇਕੇ ਤੇ ਦੇ ਕੇ ਪੌਦੇ ਲਗਾਏ ਜਾ ਸਕਣ। ਉਨਾਂ ਦਸਿਆ ਕਿ ਵਣ ਵਿਭਾਗ ਅਤੇ ਬਾਗਬਾਨੀ ਵਿਭਾਗ ਦੇ ਵਣ ਰੇਜ ਅਫਸਰ ਵਲੋਂ ਪੌਦੇ ਸਪਲਾਈ ਕੀਤੇ ਜਾਣਗੇ। ਉਨਾਂ ਕਿਹਾ ਕਿ ਇਸੇ ਤਰਾਂ ਰੇਲਵੇ ਵਿਭਾਗ, ਫੌਜ, ਬੀ.ਐਸ.ਐਫ ਦੀ ਮਦੱਦ ਨਾਲ ਇਨਾਂ ਵਿਭਾਗਾਂ ਦੀਆਂ ਜ਼ਮੀਨਾਂ ਵਿਚ ਪੌਦੇ ਲਗਾਏ ਜਾਣ। ਉਨਾਂ ਕਿਹਾ ਕਿ ਸਬ ਡਵੀਜ਼ਨ ਵਿਚ ਵੱਖ ਵੱਖ ਵਿਭਾਗਾਂ ਵਲੋਂ ਪੌਦੇ ਲਗਾਉਣ ਦੀ ਮੁਹਿਮ ਸ਼ੁਰੂ ਕੀਤੀ ਜਾ ਚੁੱਕੀ ਹੈ ਅਤੇ ਰੋਜ਼ਾਨਾਂ ਉਨਾਂ ਵਲੋ ਪੌਦੇ ਲਗਾਏ ਜਾ ਰਹੇ ਹਨ। ਉਨਾਂ ਵੱਖ ਵੱਖ ਵਿਭਾਗਾਂ ਦੇ ਮੁੱਖੀਆਂ ਨੂੰ ਹਦਾਇਤਾਂ ਕੀਤੀ ਕਿ ਉਹ ਆਪਣੇ ਆਪਣੇ ਤਹਿਤ ਪੈਂਦੇ ਏਰੀਆਂ ਵਿਚ ਪੌਦੇ ਲਗਾਉਣ। ਮੀਟਿੰਗ ਵਿਚ ਤਹਿਸੀਲਦਾਰ ਖਰੜ ਰਮਨਦੀਪ ਕੌਰ, ਇੰਦੂ ਬਾਲਾ ਸਹਾਇਕ ਖੁਰਾਕ ਤੇ ਸਪਲਾਈ ਅਫਸਰ ਖਰੜ, ਅਵਤਾਰ ਸਿੰਘ ਵਣ ਰੇਜ ਸਿਸਵਾਂ, ਬਲਵੀਰ ਸਿੰਘ ਵਣ ਰੇਜ ਖਰੜ,ਅਮਰੀਕ ਸਿੰਘ ਨਰੀਖਕ, ਪ੍ਰਿੰਸੀਪਲ ਭੁਪਿੰਦਰ ਸਿੰਘ, ਰਵਿੰਦਰ ਸਿੰਘ ਵਾਲੀਆਂ ਸਰਕਾਰੀ ਬਹੁਤਕਨੀਕੀ ਕਾਲਜ਼ ਖੂਨੀਮਾਜਰਾ, ਮਨਦੀਪ ਸਿੰਘ ਮੰਡੀ ਸੁਪਰਵਾਈਜ਼ਰ, ਜਸਪ੍ਰੀਤ ਸਿੰਘ ਮੰਡੀ ਸੁਪਰਵਾਈਜ਼ਰ, ਪੰਕਜ ਚੱਢਾ, ਲਾਇਨਜ਼ ਕਲੱਬ ਖਰੜ ਸਿਟੀ, ਅਮ੍ਰਿਤਪਾਲ ਸਿੰਘ, ਵਿਨੈ ਰਾਜਪੂਤ, ਹਰਿੰਦਰ ਸਿੰਘ, ਗੁਰਪ੍ਰੀਤ ਸਿੰਘ, ਸੰਜੀਵ ਕੁਮਾਰ, ਧਰਮਾ ਸਿੰਘ ਸਮੇਤ ਹੋਰ ਸਟਾਫ ਮੈਂਬਰ ਹਾਜ਼ਰ ਸਨ।

# ਪ੍ਰਾਚੀਨ ਸ਼ਿਵ ਮੰਦਰ ਮਿੱਠਾ ਕੂਆ ਖਰੜ 'ਚ ਗੁਰੂ ਪੂਰਨਿਮਾ ਦਾ ਤਿਉਹਾਰ ਮਨਾਇਆ



ਖਰੜ, ( ਕਾਲਾ ਸਿੰਘ ਸੈਣੀ ):-ਪ੍ਰਸਿੱਧ ਪ੍ਰਾਚੀਨ ਸ਼ਿਵ ਮੰਦਰ ਮਿੱਠਾਂ ਕੂਆ ਖਰੜ ਵਿਖੇ ਗੁਰੂ ਪੂਰਨਿਮਾ ਦਾ ਤਿਉਹਾਰ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਮੰਦਰ ਵਿਚ ਸ੍ਰੀ ਰਮਾਇਣ ਦੇ ਪਾਠ ਦੇ ਭੋਗ ਪਾਏ ਗਏ ਅਤੇ ਪੰਡਿਤ ਵਿਨੋਦ ਕੁਮਾਰ ਸਾਸ਼ਤਰੀ ਵਲੋਂ ਹਵਨ ਕੀਤਾ ਗਿਆ। ਉਨਾਂ ਮੰਦਰ ਵਿਚ ਆਏ ਸ਼ਰਧਾਲੂਆਂ ਨੂੰ ਅੱਜ ਦੇ ਤਿਉਹਾਰ ਦੀ ਮਹੱਤਤਾ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਪਵਨ ਗਿਰੀ ਜੀ ਮਹਾਰਾਜ, ਅਵੀਸ਼ੇਕ ਗਿਰੀ ਜੀ, ਮੰਜੂ ਗਿਰੀ ਜੀ, ਰਿਤੰਬਰਾ ਗਿਰੀ ਜੀ, ਦੀਪਕ ਗਿਰੀ ਜੀ, ਲਾਲ ਗਿਰੀ ਜੀ, ਕੌਂਸਲ ਦੇ ਸਾਬਕਾ ਜੂਨੀਅਰ ਮੀਤ ਪ੍ਰਧਾਨ ਜੈ ਭਗਵਾਨ ਸਿੰਗਲਾ, ਸੁਭਾਸ਼ ਸ਼ਰਮਾ,ਲਾਇਨਜ਼ ਕਲੱਬ ਖਰੜ ਸਿਟੀ ਦੇ ਸੀਨੀਅਰ ਮੈਂਬਰ ਗੁਰਮੁੱਖ ਸਿੰਘ ਮਾਨ, ਲੱਕੀ ਸੋਹਲ, ਪ੍ਰੋਸ਼ਤਮ ਕੁਮਾਰ, ਅਸ਼ੋਕ ਸ਼ਰਮਾ, ਜਗਤਾਰ ਸਿੰਘ, ਨਿਰਮਲ ਕੁਮਾਰ ਚੌਹਾਨ ਸਮੇਤ ਵੱਡੀ ਗਿਣਤੀ ਵਿਚ ਸ਼ਰਧਾਲੂ ਅਤੇ ਸੇਵਾਦਾਰ ਹਾਜ਼ਰ ਸਨ। ਇਸ ਮੌਕੇ ਭੰਡਾਰਾਂ ਵੀ ਚਲਾਈਆਂ ਗਿਆ।

# ਸਬ ਡਵੀਜ਼ਨ ਖਰੜ ਤਹਿਤ ਪੈਂਦੀਆਂ ਸਬਜੀ ਮੰਡੀਆਂ ਅਤੇ ਦੁਕਾਨਾਂ ਵਿਚ ਪਲਾਸਟਿਕ ਦੀ ਰੋਕਥਾਮ ਲਈ ਚੈਕਿੰਗ ਕੀਤੀ ਜਾਵੇਗੀ: ਗੁਰਮੰਦਰ ਸਿੰਘ



ਖਰੜ, ( ਕਾਲਾ ਸਿੰਘ ਸੈਣੀ ):- ਉਪ ਮੰਡਲ ਮੈਜਿਸਟ੍ਰੇਟ ਖਰੜ ਗੁਰਮੰਦਰ ਸਿੰਘ ਨੇ ਦਸਿਆ ਕਿ ਸਬ ਡਵੀਜ਼ਨ ਖਰੜ ਵਿਚ ਵਾਤਾਵਰਣ ਦੀ ਸੁਰੱਖਿਆ ਅਤੇ ਪਲਾਸਟਿਕ ਦੀ ਰੋਕਥਾਮ ਲਈ ਵੱਖ-ਵੱਖ ਵਿਭਾਗਾਂ ਦੇ ਮੁੱਖੀਆਂ ਨੂੰ ਵਿਸ਼ੇਸ਼ ਤੌਰ ਤੇ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਸਬ ਡਵੀਜ਼ਨ ਖਰੜ ਤਹਿਤ ਪੈਂਦੀਆਂ ਸਬਜੀ ਮੰਡੀਆਂ ਅਤੇ ਦੁਕਾਨਾਂ ਵਿਚ ਪਲਾਸਟਿਕ ਦੀ ਰੋਕਥਾਮ ਲਈ ਚੈਕਿੰਗ ਕੀਤੀ ਜਾਵੇ। ਉਨਾਂ ਜਾਣਕਾਰੀ ਦਿੰਦਿਆ ਦੱਸਿਆ ਕਿ ਸਬ ਡਵੀਜ਼ਨ ਖਰੜ ਤਹਿਤ ਪੈਦੀਆਂ ਤਿੰਨ ਨਗਰ ਕੌਂਸਲਾਂ ਖਰੜ, ਕੁਰਾਲੀ, ਨਵਾਂ ਗਰਾਓ, ਬੀ.ਡੀ.ਪੀ.ਓ ਖਰੜ, ਕੁਰਾਲੀ,ਕਾਰਜਕਾਰੀ ਇੰਜੀਨੀਅਰ ਪ੍ਰਦੂਸ਼ਣ ਕੰਟਰੋਲ ਬੋਰਡ ਨੂੰ ਪੱਤਰ ਲਿਖਿਆ ਗਿਆ ਹੈ ਕਿ ਸਬਜ਼ੀ ਮੰਡੀਆਂ ਅਤੇ ਦੁਕਾਨਾਂ ਵਿਚ ਪਲਾਸਟਿਕ ਦੀ ਵਰਤੋਂ ਕਾਰਨ ਵਾਤਾਵਰਣ ਪ੍ਰਦੂਸ਼ਣ ਹੋ ਰਿਹਾ ਹੈ ਜਿਸਨੂੰ ਤੁਰੰਤ ਰੋਕਿਆ ਜਾਣਾ ਜ਼ਰੂਰੀ ਹੈ। ਉਨਾਂ ਇਨਾਂ ਵਿਭਾਗਾਂ ਦੇ ਮੁੱਖੀਆਂ ਨੂੰ ਹਦਾਇਤਾਂ ਜਾਰੀ ਕਰਦੇ ਹੋਏ ਕਿਹਾ ਕਿ ਉਹ ਆਪਣੇ ਆਪਣੇ ਵਿਭਾਗਾਂ ਦੀਆਂ ਟੀਮਾਂ ਬਣਾ ਕੇ ਚੈਕਿੰਗ ਕਰਨ ਕਿ ਜੋ ਪਲਾਸਟਿਕ ਦੀ ਵਰਤੋਂ ਕਰ ਰਹੇ ਹਨ ਉਨਾਂ ਦੇ ਚਲਾਨ ਕੱਟੇ ਜਾਣ ਅਤੇ ਉਨਾਂ ਦੇ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ ਤੇ ਚੈਕਿੰਗ ਦੌਰਾਨ ਦੁਕਾਨਦਾਰਾਂ, ਮੰਡੀਆਂ ਦੇ ਆੜਤੀਆਂ ਨੂੰ ਵੀ ਪਲਾਸਟਿਕ ਦੇ ਬੈਗ ਨਾਲ ਵਰਤੋ ਕਰਨ ਸਬੰਧੀ ਵੀ ਜਾਗਰੂਕ ਕੀਤਾ ਜਾਵੇ। ਉਨਾਂ ਕਿਹਾ ਕਿ ਭਵਿੱਖ ਵਿਚ ਉਨਾਂ ਵਲੋਂ ਵੀ ਕਿਸੇ ਸਮੇਂ ਸਬ ਡਵੀਜ਼ਨ ਖਰੜ ਦੀਆਂ ਮੰਡੀਆਂ ਅਤੇ ਦੁਕਾਨਦਾਰਾਂ ਦੀ ਚੈਕਿੰਗ ਕੀਤੀ ਜਾ ਸਕਦੀ ਹੈ। ਉਨਾਂ ਸਬ ਡਵੀਜ਼ਨ ਖਰੜ ਦੇ ਪੈਂਡੂ ਅਤੇ ਸ਼ਹਿਰੀ ਖੇਤਰ ਦੇ ਵਸਨੀਕਾਂ, ਦੁਕਾਨਦਾਰਾਂ, ਸਬਜੀ ਮੰਡੀਆਂ ਦੇ ਆੜਤੀਆਂ ਨੂੰ ਅਪੀਲ ਕੀਤੀ ਕਿ ਉਹ ਪਲਾਸਟਿਕ ਦੀ ਵਰਤੋਂ ਨਾ ਕਰਨ।

# ਸਰਸਵਤੀ ਕਾਲਜ਼ ਘੜੂੰਆਂ ਵਿਖੇ ਗ੍ਰੇਸ ਲੀਗਲ ਅਵੇਅਰਨੈੱਸ ਸੈਮੀਨਾਰ ਅਤੇ ਟ੍ਰੀ ਪਲਾਂਟੇਸ਼ਨ ਡਰਾਈਵ ਦਾ ਆਯੋਜਨ



ਖਰੜ, (ਕਾਲਾ ਸਿੰਘ ਸੈਣੀ)-ਸਰਸਵਤੀ ਗਰੁੱਖ ਆਫ ਕਾਲਜ ਘੜੂੰਆਂ ਵਿਖੇ ਗ੍ਰੇਸ ਲੀਗਲ ਅਵੇਅਰਨੈੱਸ ਸੈਮੀਨਾਰ ਅਤੇ ਟ੍ਰੀ ਪਲਾਂਟੇਸ਼ਨ ਡਰਾਈਵ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਸੁਰਭੀ ਪਰਾਸ਼ਰ ਪੀ.ਸੀ.ਐਸ.ਚੀਫ ਜੁਡੀਸ਼ੀਅਲ ਮੈਜਿਸਟਰੇਟ-ਕਮ-ਸਕੱਤਰ ਜਿਲਾ ਕਾਨੂੰਨੀ ਸੇਵਾ ਅਥਾਰਟੀ ਨੇ ਮੁੱਖ ਮਹਿਮਾਨ ਵਜੋਂ ਸਿਰਕਤ ਕੀਤੀ। ਇਸ ਮੌਕੇ ਉਨਾਂ ਕਾਲਜ਼ ਕੈਂਪਸ ਵਿਚ ਪੌਦੇ ਲਗਾਕੇ ਪੌਦੇ ਲਗਾਉਣ ਦੀ ਮੁਹਿਮ ਦੀ ਸ਼ੁਰੂਆਤ ਕੀਤੀ। ਉਨਾਂ ਕਾਲਜ਼ ਵਿਚ ਕਾਨੂੰਨੀ ਅਧਿਕਾਰਾਂ ਅਤੇ ਮੁਫਤ ਕਾਨੂੰਨੀ ਸੇਵਾਵਾਂ ਸਬੰਧੀ ਸੈਮੀਨਾਰ ਦੀ ਅਗਵਾਈ ਕਰਦਿਆਂ ਵਿਦਿਆਰਥੀਆਂ ਨੂੰ ਦੱਸਿਆ ਕਿ ਸਾਨੂੰ ਆਪਣੇ ਅਧਿਕਾਰਾਂ ਦੀ ਜਾਣਕਾਰੀ ਅਤੇ ਛੋਟੇ ਬੱਚਿਆਂ ਨੂੰ ਵੀ ਕਾਨੂੰਨ ਸਬੰਧੀ ਜਾਣਕਾਰੀ ਕਰਵਾਉਣੀ ਚਾਹੀਦੀ ਹੈ। ਇਸ ਮੌਕੇ ਸਰਸਵਤੀ ਗਰੁੱਪ ਆਫ ਕਾਲਜ ਦੇ ਚੇਅਰਮੈਨ ਬੀ.ਐਲ.ਅਗਰਵਾਨ ਨੇ ਕਿਹਾ ਕਿ ਰੁੱਖਾਂ ਹੀ ਸਾਡਾ ਜੀਵਨ ਹੈ। ਅਤੇ ਸਾਨੂੰ ਆਉਣ ਵਾਲੀ ਪੀੜੀ ਨੂੰ ਰੁੱਖ ਲਗਾਉਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਇਸ ਮੌਕੇ ਡਾਇਰੈਕਟਰ ਅਕੈਡਮਿਕ ਸ਼ੁਭਮ ਅਗਰਵਾਲ,ਲੀਜਾ ਗੋਇਲ,ਪ੍ਰਿੰਸੀਪਲ ਡਾ.ਵਿਰਾਜ ਵਿਲਾਸ ਯਾਦਵ,ਡਾ.ਵਿਸੇਸ਼ ਸਿੰਘਲ,ਵਾਈਸ ਪ੍ਰਿੰਸੀਪਲ ਦਲਜੀਤ ਕੌਰ ਸਮੇਤ ਹੋਰ ਸਟਾਫ ਮੈਂਬਰ ਹਾਜ਼ਰ ਸਨ।

# ਸਕੂਲ ਆਫ ਐਮੀਨੈਂਸ ਬਰਨਾਲਾ ਵਿਖੇ ਵਿਦਿਆਰਥੀ ਲੀਡਰਸ਼ਿਪ ਸੈਮੀਨਾਰ ਕਮ ਵਰਕਸ਼ਾਪ ਦਾ ਸਫਲ ਆਯੋਜਨ



ਬਰਨਾਲਾ, (ਸੁਖਵਿੰਦਰ ਸਿੰਘ ਭੰਡਾਰੀ) ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ ਸਿੱਖਿਆ) ਬਰਨਾਲਾ ਇੰਦੂ ਸਿਮਕ ਅਤੇ ਉਪ ਜਿਲ੍ਹਾ ਸਿੱਖਿਆ ਅਫਸਰ ਡਾ. ਬਰਜਿੰਦਰਪਾਲ ਸਿੰਘ ਦੀਆਂ ਹਦਾਇਤਾਂ ਅਨੁਸਾਰ ਸਹਾਇਕ ਡਾਇਰੈਕਟਰ ਸਕੂਲਜ ਆਫ ਐਮੀਨੈਂਸ, ਪੰਜਾਬ ਦੀਪਕ ਕਾਂਸਲ ਦੀ ਯੋਗ ਅਗਵਾਈ ਅਧੀਨ ਐਸ.ਓ.ਈ. ਵਰਕਿੰਗ ਕਮੇਟੀ ਮੈਂਬਰਜ (ਪੰਜਾਬ) ਨੇ ਸ਼ਹੀਦ ਹੌਲਦਾਰ ਬਿੱਕਰ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਆਫ ਐਮੀਨੈਂਸ, ਬਰਨਾਲਾ ਦਾ ਦੌਰਾ ਕੀਤਾ। ਇਹਨਾਂ ਮੈਂਬਰਾਂ ਵਿੱਚ ਮੈਡਮ ਬੇਅੰਤ ਕੌਰ ਅਤੇ ਗਿਆਨ ਸ਼ਰਮਾ ਵਿਸ਼ੇਸ਼ ਤੌਰ ਤੇ ਸ਼ਾਮਿਲ ਸਨ। ਟੀਮ ਮੈਂਬਰਾਂ ਦਾ ਸਕੂਲ ਵਿੱਚ ਆਉਣ ਦਾ ਮੁੱਖ ਉਦੇਸ਼ ਸਟੂਡੈਂਟ ਕੌਂਸਲ ਜਾਂ ਵਿਦਿਆਰਥੀ ਕਲੱਬਾਂ ਬਾਰੇ ਵਿਸਥਾਰਪੂਰਵਕ ਗੱਲਬਾਤ ਕਰਨਾ ਸੀ ਤਾਂ ਕਿ ਵਿਦਿਆਰਥੀਆਂ ਵਿੱਚ ਲੀਡਰਸ਼ਿਪ ਦੇ ਗੁਣ ਪੈਦਾ ਕੀਤੇ ਜਾ ਸਕਣ। ਇਸ ਉਦੇਸ਼ ਤਹਿਤ ਉਹਨਾਂ ਨੇ ਸਕੂਲ ਆਫ਼ ਐਮੀਨੈਂਸ ਬਰਨਾਲਾ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨਾਲ ਵਿਸਤ੍ਰਿਤ ਗੱਲਬਾਤ ਕੀਤੀ। ਪ੍ਰਿੰਸੀਪਲ ਹਰੀਸ਼ ਬਾਂਸਲ ਨੇ ਸਕੂਲਜ ਆਫ ਐਮੀਨੈਂਸ, ਪੰਜਾਬ ਦੀ ਸਟੇਟ ਟੀਮ ਦਾ ਵਿਦਿਆਰਥੀ ਹਿੱਤਾਂ ਲਈ ਸਕੂਲ ਵਿਜ਼ਿਟ ਕਰਨ ਦੇ ਉਦਮ ਤੇ ਖੁਸ਼ੀ ਪ੍ਰਗਟ ਕੀਤੀ। ਉਹਨਾਂ ਦੱਸਿਆ ਕਿ ਟੀਮ ਮੈਂਬਰਜ ਨੇ ਸਟੂਡੈਂਟ ਲੀਡਰਸ਼ਿਪ ਸਬੰਧੀ ਵਿਦਿਆਰਥੀਆਂ ਤੇ ਅਧਿਆਪਕਾਂ ਦੇ ਸੁਝਾਅ ਨੋਟ ਕੀਤੇ ਅਤੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਦਾ ਭਰੋਸਾ ਦਿਵਾਇਆ। ਇਸ ਮੌਕੇ ਸੀਨੀਅਰ ਲੈਕਚਰਾਰ ਜਗਤਾਰ ਸਿੰਘ( ਨੋਡਲ ਇੰਚਾਰਜ, ਐਸ. ਓ. ਈ. ਲੀਡਰਸ਼ਿਪ ਟੀਮ), ਹਰਦੀਪ ਕੁਮਾਰ (ਸਹਾਇਕ ਨੋਡਲ, ਐਸ ਓ ਈ ਲੀਡਰਸ਼ਿਪ ਟੀਮ), ਮੈਡਮ ਰੇਸ਼ੋ ਰਾਣੀ (ਐਸ ਓ ਈ ਕੁਆਰਡੀਨੇਟਰ), ਮੈਡਮ ਪਮਿੰਦ ਲਤਾ (ਇੰਗਲਿਸ਼ ਕੋਆਰਡੀਨੇਟਰ), ਮੈਡਮ ਸੀਮਾ ਬਾਂਸਲ (ਨੋਡਲ ਇੰਚਾਰਜ, ਗਰੀਨ ਸਕੂਲ ਪ੍ਰੋਜੈਕਟ), ਮੈਡਮ ਨੀਰੂ ਗੁਪਤਾ, ਮੈਡਮ ਨੀਨਾ ਗੁਪਤਾ (ਇੰਚਾਰਜ, ਮੈਰਿਟ ਸੈਕਸ਼ਨ/ਦਸਵੀਂ), ਮੈਡਮ ਪ੍ਰਭਜੋਤ ਕੌਰ (ਇੰਚਾਰਜ, ਮੈਰਿਟ ਸੈਕਸ਼ਨ/ਬਾਰਵੀਂ) ਅਤੇ ਮੈਡਮ ਮਨਪ੍ਰੀਤ ਕੌਰ (ਕੋਆਰਡੀਨੇਟਰ, ਸੈਕੰਡਰੀ ਸੈਕਸ਼ਨ) ਵੀ ਹਾਜ਼ਰ ਸਨ। ਅੰਤ ਵਿੱਚ ਪ੍ਰਿੰਸੀਪਲ ਹਰੀਸ਼ ਬਾਂਸਲ ਨੇ ਸਟੇਟ ਟੀਮ ਮੈਂਬਰਜ ਦਾ ਇਸ *ਲੀਡਰਸ਼ਿਪ ਅਤੇ ਮੋਟੀਵੇਸ਼ਨਲ ਵਰਕਸ਼ਾਪ ਕਮ ਲਾਇਵ ਇੰਟਰਐਕਟਿਵ ਸੈਸ਼ਨ ਵਿਦ ਸਟੂਡੈਂਟਸ* ਲਈ ਧੰਨਵਾਦ ਕਰਨ ਦੇ ਨਾਲ-ਨਾਲ ਇਸ ਤਰ੍ਹਾਂ ਦੀਆਂ ਤਿਮਾਹੀ ਵਰਕਸ਼ਾਪ ਲਗਾਓਣ ਲਈ ਬੇਨਤੀ ਕੀਤੀ।

# ਪਤੰਯਲੀ ਯੋਗ ਸਮਿਤੀ ਖਰੜ ਵਲੋਂ ਗੁਰੂ ਪੂਰਨਿਮਾ ਦਾ ਤਿਉਹਾਰ ਮਨਾਇਆ



ਖਰੜ, ( ਕਾਲਾ ਸਿੰਘ ਸੈਣੀ ):- ਸ਼ਹਿਰ ਖਰੜ ਦੇ ਸ੍ਰੀ ਰਾਮ ਭਵਨ ਦੁਸਾਹਿਰਾ ਗਰਾਊਡ ਖਰੜ ਵਿਖੇ ਪਤੰਯਲੀ ਯੋਗ ਸਮਿਤੀ ਖਰੜ ਵਲੋਂ ਗੁਰੂ ਪੂਰਨਿਮਾ ਦਾ ਤਿਉਹਾਰ ਬੜੀ ਸ਼ਰਧਾ ਨਾਲ ਮਨਾਇਆ ਗਿਆ। ਜਿਸ ਵਿਚ ਰੋਜ਼ਾਨਾ ਯੋਗ ਕਰਨ ਵਾਲਿਆਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਹਵਨ ਕਰਵਾਇਆ ਗਿਆ। ਇਸ ਮੌਕੇ ਅਨਿਲ ਸ਼ਰਮਾ, ਵਿਜੈ ਕੁਮਾਰ,
ਕਮਲਜੀਤ ਕੌਰ, ਸਿਵਾਲਿਕ ਸਿਟੀ ਖਰੜ ਤੋਂ ਸਿਕੰਦਰ ਕੌਰ, ਸਿਮਰਨ ਕੌਸ਼ਿਕ, ਅੰਜਨਾ ਜੀ, ਕਮਲੇਸ ਕੌਰ,ਜਸਵੰਤ ਸਿੰਘ, ਸੁਰਿੰਦਰ ਕੁਮਾਰ, ਜਨੈਲ ਸਿੰਘ, ਸਤੀਸ਼ ਕੁਮਾਰ, ਦਵਿੰਦਰ ਜੀ, ਵਿਨੈ ਜੀ, ਰੈਣੂ ਅਰੋੜਾ, ਸੁਮਨ ਅਰੋੜਾ ਜੀ, ਨਿਰਗੁਣ ਕੁਮਾਰ, ਜਿਲਾ ਪ੍ਰਭਾਰੀ ਨਿਰਮਲ ਕੁਮਾਰ ਚੌਹਾਨ ਸਮੇਤ ਹੋਰ ਅਹੁੱਦੇਦਾਰ ਅਤੇ ਸ਼ਹਿਰ ਨਿਵਾਸੀ ਹਾਜ਼ਰ ਸਨ।

# ਸਰਕਾਰੀ ਆਈ.ਟੀ.ਆਈ ਮਾਨਸਾ ਵਿਖੇ ਵਣ ਮਹਾਂਉਤਸਵ ਅਧੀਨ ਪਲਾਟੇਸਨ ਕੀਤੀ ਗਈ।



ਮਾਨਸਾ ( ਲੋਕ ਬਾਣੀ) ਅੱਜ ਸਰਕਾਰੀ ਆਈ.ਟੀ.ਆਈ. ਮਾਨਸਾ ਵਿਖੇ ਵਣ ਮਹਾਂਉਤਸਵ ਅਧੀਨ ਪਲਾਟੇਸਨ ਕੀਤੀ ਗਈ। ਸੰਸਥਾ ਵਿਖੇ ਮੁੱਖ ਮਹਿਮਾਨ ਸ਼੍ਰੀ ਅਮਿਤ ਬੈਬੋ IAS ਅਡੀਸਨਲ ਡਿਪਟੀ ਕਮਿਸ਼ਨਰ ਵਿਕਾਸ ਨੇ ਪੌਦਾ ਲਗਾ ਕੇ ਪਲਾਟੇਸਨ ਦੀ ਸ਼ੁਰੂਆਤ ਕੀਤੀ। ਉਹਨਾ ਵੱਲੋ ਸਿਖਿਆਰਥੀਆ ਨੂੰ ਵੱਧ ਤੋਂ ਵੱਧ ਰੁੱਖ ਲਗਾਉਣ ਲਈ ਪ੍ਰੇਰਿਤ ਕੀਤਾ ਗਿਆ। ਉਹਨਾਂ ਨਾਲ ਸ: ਮੇਜਰ ਸਿੰਘ ਬੀ.ਡੀ.ਪੀ.ਓ. ਵੀ ਵਿਸ਼ੇਸ਼ ਤੌਰ ਤੇ ਪਹੁੰਚੇ ਸਨ। ਸੰਸਥਾ ਦੇ ਪ੍ਰਿੰਸੀਪਲ ਗੁਰਮੇਲ ਸਿੰਘ ਮਾਖਾ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ। ਪਲਾਟੇਸਨ ਮੌਕੇ ਸ਼੍ਰੀਮਤੀ ਰਾਜਪਾਲ ਕੌਰ 1♦® ਨਰੇਗਾ, ਸ਼੍ਰੀ ਕਿਸ਼ੋਰ ਕੁਮਾਰ ਸੈਕਟਰੀ, ਸ਼੍ਰੀ ਨਿਤਿਨ ਸੀਨੀਅਰ ਸਹਾਇਕ, ਸ਼੍ਰੀ ਗੁਰਪ੍ਰੀਤ ਸਿੰਘ ਇੰਸਟਰੱਕਟਰ ਅਤੇ ਸੰਸਥਾ ਦੇ ਪ੍ਰੋਗਰਾਮ ਅਫ਼ਸਰ ਗੁਰਪਿਆਰ ਸਿੰਘ ਸਮੇਤ ਸਮੁੱਚਾ ਸਟਾਫ਼ ਹਾਜ਼ਰ ਸੀ।

# ਡੇਰਾਬਸੀ ਅਪੋਲੋ ਡਾਇਗਨੋਸਟਿਕ ਸੈਂਟਰ ਦੇ ਬਾਹਰ ਤਿੰਨ ਨਕਾਬਪੋਸ਼ ਨੌਜਵਾਨਾਂ ਨੇ ਹਵਾ ਚ ਚਲਾਈ ਗੋਲੀ ਅਤੇ ਮੋਟਰਸਾਈਕਲ 'ਤੇ ਹੋਏ ਫ਼ਰਾਰ



ਡੇਰਾਬਸੀ, ( ਲੋਕ ਬਾਣੀ) ਡੇਰਾਬਸੀ ਥਾਣੇ ਤੋਂ ਕੁਝ ਦੂਰੀ 'ਤੇ ਸਥਿਤ ਅਪੋਲੋ ਡਾਇਗਨੋਸਟਿਕ ਸੈਂਟਰ ਵਿਖੇ ਦੁਪਹਿਰ ਕਰੀਬ 1.45 ਵਜੇ ਮੂੰਹ ਢਕੇ ਹੋਏ ਤਿੰਨ ਅਣਪਛਾਤੇ ਨੌਜਵਾਨ ਜੋ ਕਿ ਮੋਟਰਸਾਈਕਲ 'ਤੇ ਆਏ ਸਨ, ਅੰਦਰ ਦਾਖਲ ਹੋ ਗਏ। ਅਪੋਲੋ ਸੈਂਟਰ ਤੇ ਰਿਸੈਪਸ਼ਨਿਸਟ ਨੂੰ ਧਮਕੀ ਭਰਿਆ ਪੱਤਰ ਦੇਣ ਤੋਂ ਬਾਅਦ ਬਾਹਰੋਂ ਹਵਾ ਵਿਚ ਫਾਇਰਿੰਗ ਕੀਤੀ ਅਤੇ ਭੱਜ ਗਏ। ਇਸ ਘਟਨਾ ਨਾਲ ਜਿੱਥੇ ਸਾਰੇ ਮੁਲਾਜ਼ਮ ਡਰੇ ਹੋਏ ਹਨ, ਉੱਥੇ ਹੀ ਸ਼ਹਿਰ ਦੇ ਲੋਕਾਂ ਵਿੱਚ ਸਹਿਮ ਦਾ ਮਾਹੌਲ ਹੈ। ਜਾਣਕਾਰੀ ਅਨੁਸਾਰ ਦੋ ਨਕਾਬਪੋਸ਼ ਨੌਜਵਾਨਾਂ 'ਚੋਂ ਇਕ ਨੇ ਸੈਂਟਰ ਦੀ ਰਿਸੈਪਸ਼ਨਿਸਟ ਊਸ਼ਾ ਨੂੰ ਪਰਚੀ ਦਿੱਤੀ, ਜਿਸ 'ਚ ਲਿਖਿਆ ਸੀ ਕਿ ਅਸੀਂ ਕੌਸ਼ਲ ਚੌਧਰੀ ਗੈਂਗ ਦੀ ਤਰਫੋਂ ਹਾਂ ਅਤੇ ਉਨ੍ਹਾਂ ਦੇ ਕਹਿਣ 'ਤੇ ਇਹ ਕੰਮ ਕੀਤਾ ਹੈ ਤੇ ਜੇਕਰ ਤੁਸੀਂ ਆਪਣੀ ਸੁਰੱਖਿਆ ਚਾਹੁੰਦੇ ਹੋ ਤਾਂ ਦਿੱਤੇ ਵਟਸਐਪ ਨੰਬਰ ਰਾਹੀਂ ਗੱਲ ਕਰੋ ਨਹੀਂ ਤਾਂ ਅੱਜ ਇੱਕ ਚੱਲੀ, ਕੱਲ੍ਹ 101 ਚੱਲਣ ਗਈਆਂ। ਇਸ ਨੂੰ ਮਜ਼ਾਕ ਨਾ ਸਮਝੋ। ਹਾਲਾਂਕਿ ਰਿਸੈਪਸ਼ਨਿਸਟ ਨੇ ਨੌਜਵਾਨ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਇਸੇ ਦੌਰਾਨ ਨੌਜਵਾਨ ਨੇ ਸੈਂਟਰ ਤੋਂ ਬਾਹਰ ਆ ਕੇ ਹਵਾ 'ਚ ਫਾਇਰਿੰਗ ਕੀਤੀ ਅਤੇ ਦੋ ਹੋਰ ਸਾਥੀਆਂ ਸਮੇਤ ਮੋਟਰਸਾਈਕਲ 'ਤੇ ਫਰਾਰ ਹੋ ਗਿਆ। ਗੋਲੀ ਚੱਲਦੇ ਹੀ ਮਰੀਜ਼ਾਂ ਵਿੱਚ ਹਫੜਾ-ਦਫੜੀ ਮੱਚ ਗਈ। ਲੋਕਾਂ ਵਿੱਚ ਦਹਿਸ਼ਤ ਦਾ ਮਾਹੌਲ ਪੈਦਾ ਹੋ ਗਿਆ। ਸ਼ਹਿਰ ਵਿੱਚ ਸ਼ਰੇਆਮ ਕਾਨੂੰਨੀ ਵਿਵਸਥਾ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਕੁਝ ਮਹੀਨੇ ਪਹਿਲਾਂ ਵੀ ਪਹਾੜੀ ਗੇਟ ਮੁਹੱਲੇ ਵਿੱਚ ਗੋਲੀਆਂ ਚਲਾਈਆਂ ਗਈਆਂ ਸਨ। ਹੈਰਾਨੀ ਦੀ ਗੱਲ ਇਹ ਹੈ ਕਿ ਇਹ ਘਟਨਾ ਅੱਜ ਥਾਣੇ ਤੋਂ ਕੁਝ ਦੂਰੀ 'ਤੇ ਵਾਪਰੀ। ਦੱਸਿਆ ਜਾ ਰਿਹਾ ਹੈ ਕਿ ਇਹ ਧਮਕੀ ਅਪੋਲੋ ਸੈਂਟਰ ਦੇ ਮਾਲਕ ਰਾਜਿੰਦਰ ਬਾਂਸਲ ਦੇ ਨਾਂ 'ਤੇ ਸੀ। ਡੇਰਾਬਸੀ ਥਾਣਾ ਮੁੱਖੀ ਮਨਦੀਪ ਸਿੰਘ ਅਤੇ ਹੋਰ ਅਧਿਕਾਰੀਆਂ ਨੇ ਮੌਕੇ ਦਾ ਦੌਰਾ ਕੀਤਾ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

# ਮਾਤਾ ਗੁਜਰੀ ਜੀ ਭਲਾਈ ਕੇਂਦਰ ਵਲੋਂ ਰੁੱਖਾਂ ਦੀ ਛਬੀਲ ਅਤੇ ਰੁੱਖ ਲਗਾਏ



ਮਾਨਸਾ ( ਲੋਕ ਬਾਣੀ) ਸਥਾਨਕ ਸਮਾਜ ਸੇਵੀ ਸੰਸਥਾ ਮਾਤਾ ਗੁਜਰੀ ਜੀ ਭਲਾਈ ਕੇਂਦਰ ਬੁਢਲਾਡਾ ਵਲੋਂ ਵਾਤਾਵਰਣ ਨੂੰ ਹਰਿਆ ਭਰਿਆ ਬਣਾਉਣ ਲਈ ਵਣ ਮਹਾਂਉਤਸਵ ਉਤਸਵ ਮੌਕੇ ਕੰਨਿਆ ਸੈਕੰਡਰੀ ਸਕੂਲ ਬੁਢਲਾਡਾ ਦੇ ਨੇੜੇ ਆਪਣੇ ਦਫ਼ਤਰ ਸਾਹਮਣੇ ਵੱਖੋ ਵੱਖਰੇ ਤਰਾਂ ਦੇ ਰੁੱਖ ਅਤੇ ਪੌਦਿਆਂ ਦੀ ਛਬੀਲ ਲਗਾਈ ਗਈ ਅਤੇ ਸ਼ਹਿਰ ਵਿੱਚ ਵੱਖ ਵੱਖ ਥਾਵਾਂ ਤੇ ਰੁੱਖ ਲਗਾਏ। ਜਾਣਕਾਰੀ ਦਿੰਦੇ ਹੋਏ ਸੰਸਥਾ ਆਗੂ ਮਾਸਟਰ ਕੁਲਵੰਤ ਸਿੰਘ ਅਤੇ ਕੁਲਦੀਪ ਸਿੰਘ ਅਨੇਜਾ ਨੇ ਦੱਸਿਆ ਕਿ ਇੱਕ ਦੋ ਰੁੱਖ ਲੈਣ ਲਈ ਕੋਈ ਦੂਰ ਨਹੀਂ ਜਾਂਦਾ। ਰੁੱਖ ਪ੍ਰੇਮੀਆਂ ਦੀ ਸਹੂਲਤ ਲਈ ਸੰਸਥਾ ਵਲੋਂ ਇਹ ਉਪਰਾਲਾ ਕੀਤਾ ਗਿਆ ਜਿਸਨੂੰ ਲੋਕਾਂ ਨੇ ਬਹੁਤ ਸਲਾਹਿਆ। ਉਹਨਾਂ ਕਿਹਾ ਕਿ ਛਬੀਲ ਦੌਰਾਨ ਭਰਪੂਰ ਗਿਣਤੀ ਵਿੱਚ ਸ਼ਹਿਰ ਵਾਸੀਆਂ ਨੇ ਆ ਕੇ 500 ਤੋਂ ਵੱਧ ਪੌਦੇ ਲੈ ਕੇ ਗਏ ਜੋ ਉਹਨਾਂ ਨੇ ਲਗਾਉਣ ਦਾ ਵਾਅਦਾ ਕੀਤਾ। ਸੁਹੰਜਣਾ, ਸੁਖਚੈਨ, ਬਹੇੜਾ,ਲਸੂੜਾ, ਟਾਹਲੀ,ਰਜੈਨ,ਨਿੰਮ, ਸਾਂਗਵਾਨ,ਫਰਮਾਹ, ਸ਼ਰੀਂਹ ਸਮੇਤ ਅਨੇਕਾਂ ਪ੍ਰਕਾਰ ਦੇ ਪੌਦੇ ਫ੍ਰੀ ਵੰਡੇ ਗਏ। ਕੁਲਵਿੰਦਰ ਸਿੰਘ ਈ ਓ ਅਤੇ ਰਜਿੰਦਰ ਵਰਮਾ ਨੇ ਦੱਸਿਆ ਕਿ ਸਾਉਣ ਦਾ ਸਾਰਾ ਮਹੀਨਾ ਸ਼ਹਿਰ ਪੌਦੇ ਲਗਾਏ ਜਾਣਗੇ।ਪੌਦੇ ਲਗਾਉਣ ਦੀ ਸ਼ੁਰੂਆਤ ਮੌਕੇ ਪੰਜਾਬੀ ਸ਼ਮਸ਼ਾਨਘਾਟ ਘਾਟ ਵਿਖੇ ਅਸ਼ੋਕ ਤਨੇਜਾ ਅਤੇ ਸਰਪੰਚ ਹੰਸ ਰਾਜ ਸਮੇਤ ਸ਼ਮਸ਼ਾਨਘਾਟ ਦੀ ਕਮੇਟੀ ਅਤੇ ਸੰਸਥਾ ਮੈਂਬਰ ਹਾਜ਼ਰ ਸਨ। ਤਹਿਸੀਲ ਕੰਪਲੈਕਸ ਵਿਖੇ ਵੀ ਪੌਦੇ ਲਗਾਏ ਗਏ।ਇਸ ਮੌਕੇ ਐਸ ਡੀ ਐਮ ਸਾਹਿਬ,ਡੀ ਐੱਸ ਪੀ ਸਾਹਿਬ, ਤਹਿਸੀਲਦਾਰ ਸਮੇਤ ਦਫ਼ਤਰ ਦਾ ਸਟਾਫ਼ ਅਤੇ ਸੰਸਥਾ ਮੈਂਬਰ ਬਲਬੀਰ ਸਿੰਘ ਕੈਂਥ, ਵਿਜੇ ਕੁਮਾਰ ਗੋਇਲ,ਅਮਰ ਨਾਥ,ਗੁਰਤੇਜ ਸਿੰਘ ਕੈਂਥ, ਨਰੇਸ਼ ਕੁਮਾਰ ਬੰਸੀ, ਲੱਕੀ ਸਟੂਡੀਓ, ਸੁਰਿੰਦਰ ਕੁਮਾਰ ਸ਼ਿੰਦਾ, ਮਹਿੰਦਰਪਾਲ ਸਿੰਘ ਅਨੰਦ, ਨੱਥਾ ਸਿੰਘ, ਦਰਸ਼ਨ ਸਿੰਘ ਬਰ੍ਹੇ,ਮੇਜਰ ਸਿੰਘ, ਮਨਜੀਤ ਸਿੰਘ ਮਨੀ, ਪ੍ਰਿੰਸ, ਫਤਿਹ ਸਿੰਘ ਆਦਿ ਹਾਜ਼ਰ ਸਨ ।

# ਲਾਲ ਬਹਾਦਰ ਦੀ ਪਤਨੀ ਨਾਲ ਤੇ ਉਨ੍ਹਾਂ ਨਾਲ 20 ਲੱਖ ਰੁਪਏ ਦੀ ਠੱਗੀ ਹੋਣ ਤੋਂ ਹੋਇਆ ਬਚਾਓ



ਬਲਾਚੌਰ (ਲੋਕ ਬਾਣੀ) ਲਾਲ ਟੇਲਰ ਨਾਮ ਤੇ ਮਸ਼ਹੂਰ ਬਲਾਚੌਰ ਵਿਖੇ ਟੇਲਰ ਦੀ ਦੁਕਾਨ ਕਰਨ ਵਾਲੇ ਲਾਲ ਬਹਾਦਰ ਨਾਲ ਉਸ ਵੇਲੇ 20 ਲੱਖ ਰੁਪਏ ਦੀ ਠੱਗੀ ਹੋ ਜਾਣੀ ਸੀ ਜੇਕਰ ਉਹ ਆਪਣੀ ਸੂਝਵਾਨ ਨਾਲ ਐਕਸੀਡੈਂਟ ਪਾਲਿਸੀ ਬਾਰੇ ਅੱਜ ਬੈਕ ਤੋਂ ਜਾਣਕਾਰੀ ਨਾ ਲੈਂਦੇ ਇਸ ਮੌਕੇ ਜਾਣਕਾਰੀ ਦਿੰਦੇ ਹੋਏ ਲਾਲ ਬਹਾਦਰ ਨੇ ਦੱਸਿਆ ਹੈ ਕਿ ਉਨ੍ਹਾਂ ਦੀ ਪਤਨੀ ਦਾ ਖਾਤਾ ਸਟੇਟ ਬੈਂਕ ਆਫ ਇੰਡੀਆ ਬਲਾਚੌਰ ਦੀ ਬਰਾਂਚ ਵਿੱਚ ਕਾਫੀ ਸਮੇਂ ਤੋਂ ਹੈ ਅਤੇ ਉਨ੍ਹਾਂ ਨੇ ਦੱਸਿਆ ਕਿ ਇਕ ਦਿਨ ਅਚਾਨਕ ਉਨ੍ਹਾਂ ਦੇ ਖਾਤੇ ਵਿੱਚ 1000 ਰੁਪਏ ਕੱਟ ਗਏ ਸੀ ਤਾਂ ਜਦੋਂ ਉਨ੍ਹਾਂ ਨੇ ਇਸ ਬਾਰੇ ਬੈਂਕ ਦੀ ਬਰਾਂਚ ਵਿੱਚ ਪਤਾ ਕੀਤਾ ਤਾਂ ਉਨ੍ਹਾਂ ਨੇ ਕਿਹਾ ਕਿ ਇਹ ਐਕਸੀਡੈਂਟ ਪਾਲਿਸੀ ਦੇ ਕਰਕੇ ਕੱਟ ਹੋਏ ਹਨ ਤੁਸੀਂ ਇਹ ਪਾਲਿਸੀ ਲੈ ਲਿਓ ਇਸ ਨਾਲ ਐਕਸੀਡੈਂਟ ਦੇ ਕੇਸ ਵਿੱਚ 20 ਲੱਖ ਦਾ ਕਲੇਮ ਮਿਲਦਾ ਹੈ।ਤਾਂ ਉਨ੍ਹਾਂ ਨੇ ਦੱਸਿਆ ਕਿ ਐਕਸੀਡੈਂਟ ਪਾਲਿਸੀ ਆਪਣੀ ਪਤਨੀ ਪਿੰਕੀ ਦੇਵੀ ਦੇ ਨਾਂ ਤੇ ਕਰਵਾਈ ਸੀ ਤੇ ਲਗਾਤਾਰ ਉਹਨਾਂ ਦੇ ਵੱਲੋਂ ਇਸ ਪਾਲਿਸੀ ਦੀ ਕਿਸਤ ਵੀ ਜਮਾ ਕਰਵਾਈ ਗਈ ਹੈ ਉਨ੍ਹਾਂ ਦੱਸਿਆ ਕਿ ਅੱਜ ਉਨਾਂ ਨੂੰ ਹੈਰਾਨੀ ਇਸ ਗੱਲ ਦੀ ਹੋਈ ਹੈ ਜਦੋਂ ਉਹ ਪਾਲਿਸੀ ਦੀ ਡਿਟੇਲ ਸਟੇਟ ਬੈਂਕ ਆਫ ਇੰਡੀਆ ਦੀ ਬਰਾਂਚ ਬਲਾਚੌਰ ਵਿਖੇ ਪਤਾਂ ਕਰਨ ਲਈ ਗਏ ਤਾਂ ਉਹਨਾਂ ਨੂੰ ਪਤਾ ਲੱਗਿਆ ਹੈ ਕਿ ਇਸ ਪਾਲਿਸੀ ਵਿੱਚ ਨੋਮਿਨੀ ਉਨਾਂ ਦੀ ਜਗ੍ਹਾ ਕਿਸੇ ਹੋਰ ਦਾ ਨਾਮ ਨੋਮਿਨੀ ਵਿਚ ਆ ਰਿਹਾ ਹੈ ਉਨਾਂ ਨੇ ਕਿਹਾ ਕਿ ਜੇਕਰ ਉਹ ਅੱਜ ਇਸ ਪਾਲਿਸੀ ਦੀ ਜਾਣਕਾਰੀ ਨਾ ਹਾਸਲ ਕਰਦੇ ਤਾਂ ਸ਼ਾਇਦ ਉਨਾਂ ਦੇ ਨਾਲ ਅਤੇ ਬੈਂਕ ਦੇ ਨਾਲ ਬਹੁਤ ਵੱਡੀ ਠੱਗੀ ਹੋ ਸਕਦੀ ਸੀ। ਕਿਉਂਕਿ ਜਿਸ ਦਾ ਨਾਮ ਨੋਮਿਨੀ ਤਹਿਤ ਦਰਜ ਹੈ ਉਹ ਉਸ ਵਿਅਕਤੀ ਨੂੰ ਜਾਣਦੇ ਤੱਕ ਨਹੀਂ ਹਨ ਉਨਾਂ ਨੇ ਸਟੇਟ ਬੈਂਕ ਆਫ ਇੰਡੀਆ ਬਰਾਂਚ ਬਲਾਚੌਰ ਵਿਖੇ ਬੈਂਕ ਦੇ ਬ੍ਰਾਂਚ ਮੈਨੇਜਰ ਨੂੰ ਇਸ ਸਬੰਧੀ ਲਿਖਤੀ ਸ਼ਿਕਾਇਤ ਕੀਤੀ ਹੈ ਕਿ ਇਸ ਵਿਅਕਤੀ ਬਾਰੇ ਪਤਾ ਲੱਗਿਆ ਜਾਵੇ ਅਤੇ ਇਸ ਦੇ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇ।

# ਕੈਬਨਿਟ ਮੰਤਰੀ ਅਮਨ ਅਰੋੜਾ ਵੱਲੋਂ ਹਲਕਾ ਸੁਨਾਮ ਦੇ 29 ਪਿੰਡਾਂ ਵਿੱਚ 1.54 ਕਰੋੜ ਦੀ ਲਾਗਤ ਵਾਲੇ ਵਿਕਾਸ ਕਾਰਜਾਂ ਦੀ ਸ਼ੁਰੂਆਤ, ਇੱਕ ਮਹੀਨੇ ਅੰਦਰ ਹੋਣਗੇ ਮੁਕੰਮਲ

ਸੁਨਾਮ ਊਧਮ ਸਿੰਘ ਵਾਲਾ, (ਲੋਕ ਬਾਣੀ) ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਹੇਠ ਅਸੀਂ ਵਿਧਾਨ ਸਭਾ ਹਲਕਾ ਸੁਨਾਮ ਦੇ ਨਿਵਾਸੀਆਂ ਦੀ ਹਰ ਇੱਕ ਉਸ ਜਰੂਰਤ ਨੂੰ ਪੂਰਾ ਕਰਨ ਲਈ ਵਚਨਬੱਧ ਅਤੇ ਤਨਦੇਹੀ ਨਾਲ ਸਮਰਪਿਤ ਹਾਂ ਜੋ ਲੋਕਾਂ ਦੀ ਸੁਵਿਧਾ ਨੂੰ ਯਕੀਨੀ ਬਣਾਉਣ ਵਿੱਚ ਕਿਸੇ ਨਾ ਕਿਸੇ ਪੱਧਰ ਦੀ ਰੁਕਾਵਟ ਪੈਦਾ ਕਰ ਰਹੀ ਹੈ। ਇਹ ਪ੍ਰਗਟਾਵਾ ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਅੱਜ ਵਿਧਾਨ ਸਭਾ ਹਲਕਾ ਸੁਨਾਮ ਦੇ 29 ਪਿੰਡਾਂ ਵਿੱਚ 1.54 ਕਰੋੜ ਰੁਪਏ ਦੀ ਲਾਗਤ ਨਾਲ ਹੋਣ ਵਾਲੇ ਵੱਖ-ਵੱਖ ਵਿਕਾਸ ਕਾਰਜਾਂ ਦੀ, ਪਿੰਡ ਅਕਬਰਪੁਰ ਤੋਂ ਸ਼ੁਰੂਆਤ ਕਰਦਿਆਂ ਕੀਤਾ। ਕੈਬਨਿਟ ਮੰਤਰੀ ਅਮਨ ਅਰੋੜਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਪਿੰਡਾਂ ਵਿੱਚ ਉਹਨਾਂ ਦੁਆਰਾ ਸਮੇਂ ਸਮੇਂ ਉਤੇ ਕੀਤੇ ਜਾਂਦੇ ਦੌਰਿਆਂ ਦੇ ਦੌਰਾਨ ਜਿਹੜੇ ਵੀ ਨਿਵਾਸੀ ਉਹਨਾਂ ਨੂੰ ਜ਼ਿੰਦਗੀ ਬਤੀਤ ਕਰਨ ਲਈ ਮੁਢਲੀਆਂ ਸਹੂਲਤਾਂ ਦੀ ਅਣਹੋਂਦ ਬਾਰੇ ਜਾਣੂ ਕਰਵਾਉਂਦੇ ਹਨ, ਉਨਾਂ ਸਹੂਲਤਾਂ ਨੂੰ ਘੱਟ ਤੋਂ ਘੱਟ ਸਮੇਂ ਅੰਦਰ ਯਕੀਨੀ ਬਣਾਉਣ ਵਾਸਤੇ ਉਹ ਵਚਨਬੱਧ ਹਨ ਅਤੇ ਇਸੇ ਲੜੀ ਤਹਿਤ ਅੱਜ 29 ਪਿੰਡਾਂ ਵਿੱਚ 50 ਦੇ ਕਰੀਬ ਅਜਿਹੇ ਕੰਮਾਂ ਦੀ ਸ਼ੁਰੂਆਤ ਕੀਤੀ ਗਈ ਹੈ ਜੋ ਮੁਢਲੀਆਂ ਸਹੂਲਤਾਂ ਵੱਜੋਂ ਲੋਕਾਂ ਦੀ ਵੱਡੀ ਲੋੜ ਹਨ । ਅਮਨ ਅਰੋੜਾ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਲਈ ਪੰਜਾਬ ਸਰਕਾਰ ਦਾ ਮੁੱਖ ਏਜੰਡਾ ਪੰਜਾਬ ਦਾ ਸਰਵਪੱਖੀ ਵਿਕਾਸ ਕਰਨਾ ਹੈ ਅਤੇ ਇਸ ਏਜੰਡੇ ਨੂੰ ਹਲਕਾ ਸੁਨਾਮ ਵਿੱਚ ਸਫਲਤਾ ਨਾਲ ਲਾਗੂ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਵਿਧਾਨ ਸਭਾ ਹਲਕਾ ਸੁਨਾਮ ਦੇ ਅਧੀਨ ਆਉਂਦੇ ਬਲਾਕ ਭਵਾਨੀਗੜ੍ਹ ਦੇ 3 ਪਿੰਡਾਂ, ਬਲਾਕ ਸੰਗਰੂਰ ਦੇ 13 ਪਿੰਡਾਂ ਅਤੇ ਬਲਾਕ ਸੁਨਾਮ ਦੇ 13 ਪਿੰਡਾਂ ਵਿੱਚ ਇਹ ਵਿਕਾਸ ਕਾਰਜ ਆਰੰਭ ਹੋ ਗਏ ਹਨ ਜਿਨਾਂ ਨੂੰ ਅਗਲੇ ਇੱਕ ਮਹੀਨੇ ਦੇ ਅੰਦਰ ਅੰਦਰ ਮੁਕੰਮਲ ਕਰਨ ਤੇ ਆਦੇਸ਼ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਦਿੱਤੇ ਗਏ ਹਨ। ਅਮਨ ਅਰੋੜਾ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਸੁਨਾਮ ਦੇ ਦਿਹਾਤੀ ਅਤੇ ਸ਼ਹਿਰੀ ਖੇਤਰਾਂ ਵਿੱਚ ਵਸਦੇ ਲੋਕ ਉਹਨਾਂ ਦਾ ਆਪਣਾ ਪਰਿਵਾਰ ਹਨ ਅਤੇ ਆਪਣੇ ਇਸ ਪਰਿਵਾਰ ਦੀ ਹਰ ਲੋੜ ਨੂੰ ਪੂਰਾ ਕਰਨ ਵਿੱਚ ਉਹ ਕੋਈ ਕਸਰ ਬਾਕੀ ਨਹੀਂ ਛੱਡ ਰਹੇ । ਉਹਨਾਂ ਦੱਸਿਆ ਕਿ ਨਿਵਾਸੀਆਂ ਦੀ ਹਰ ਮੰਗ ਉੱਤੇ ਧਿਆਨ ਕੇਂਦਰਿਤ ਕਰਦੇ ਹੋਏ ਪੜਾਅਵਾਰ ਢੰਗ ਨਾਲ ਕੰਮ ਕਰਵਾਏ ਜਾ ਰਹੇ ਹਨ ਅਤੇ ਅੱਜ ਤੋਂ ਆਰੰਭ ਹੋ ਰਹੇ ਇਹ ਵਿਕਾਸ ਕਾਰਜ ਲੰਬੇ ਸਮੇਂ ਤੋਂ ਅਣਗੌਲੇ ਜਾਣ ਕਾਰਨ ਪਿੰਡਾਂ ਦੇ ਲੋਕਾਂ ਲਈ ਮੁਸ਼ਕਲਾਂ ਪੈਦਾ ਕਰ ਰਹੇ ਸਨ ਜਿਨਾਂ ਵਿੱਚ ਪਿੰਡਾਂ ਦੇ ਗੰਦੇ ਪਾਣੀ ਦੇ ਨਿਕਾਸ ਦੇ ਪੁਖਤਾ ਪ੍ਰਬੰਧ , ਪਿੰਡਾਂ ਵਿੱਚ ਬਣੀਆਂ ਧਰਮਸ਼ਾਲਾਵਾਂ ਦੇ ਕੰਮਾਂ ਨੂੰ ਪੂਰਾ ਕਰਨ ਤੇ ਮੁਰੰਮਤ, ਆਵਾਜਾਈ ਲਈ ਮਿਆਰੀ ਰਸਤੇ ਬਣਾਉਣ , ਗਲੀਆਂ ਦੇ ਖੜਵੰਜੇ ਆਦਿ ਜ਼ਰੂਰਤਾਂ ਸ਼ਾਮਲ ਹਨ। ਵੱਖ ਵੱਖ ਪਿੰਡਾਂ ਵਿੱਚ ਕੀਤੇ ਦੌਰੇ ਦੌਰਾਨ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਪਿੰਡਾਂ ਦੇ ਨਿਵਾਸੀਆਂ ਨੂੰ ਪੰਜਾਬ ਸਰਕਾਰ ਦੁਆਰਾ ਕੀਤੇ ਜਾ ਰਹੇ ਵੱਖ-ਵੱਖ ਮਹੱਤਵਪੂਰਨ ਕਾਰਜਾਂ ਅਤੇ ਭਲਾਈ ਯੋਜਨਾਵਾਂ ਬਾਰੇ ਵੀ ਜਾਣੂ ਕਰਵਾਇਆ। ਇਸ ਮੌਕੇ ਬਲਜਿੰਦਰ ਸਿੰਘ ਬਲਾਕ ਪ੍ਰਧਾਨ, ਗੁਰਿੰਦਰ ਸਿੰਘ ਬਲਾਕ ਪ੍ਰਧਾਨ, ਸੁੱਖ ਸਾਹੋਕੇ ਬਲਾਕ ਪ੍ਰਧਾਨ, ਜਗਵੀਰ ਸਿੰਘ ਅਕਬਰਪੁਰ, ਗੁਰਦੀਪ ਸਿੰਘ ਤਕੀਪੁਰ, ਗੁਰਤੇਜ ਸਿੰਘ, ਅਵਤਾਰ ਸਿੰਘ ਤਾਰੀ, ਕੁਲਵਿੰਦਰ ਸਿੰਘ ਫੌਜੀ, ਜੱਗਾ ਝਾੜੋਂ, ਮਨਜੀਤ ਢੱਡਰੀਆਂ, ਗੋਪੀ ਢੱਡਰੀਆਂ, ਦਵਿੰਦਰ ਸਿੰਘ, ਸਾਹਿਬ ਸਿੰਘ, ਜੱਗਾ ਸਾਹੋਕੇ, ਜੋਧ ਸਿੰਘ ਵੀ ਹਾਜ਼ਿਰ ਸਨ।



DIPS ITM
DIPS INSTITUTE OF MANAGEMENT & TECHNOLOGY
DIPS INSTITUTIONS
CHAIN OF DIPS INSTITUTIONS
KNOWLEDGE IS POWER
RAMNEEK AVENUE, PATHANKOT BYE PASS
JALANDHAR CITY
www.dipsimt@gmail.com (dipsimt@gmail.com)
Contact: 95010-00697, 97806-00998